# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ੴ

ਅਗਸਤ 2000
★
ਮੁੱਲ : 15 ਰੁਪਏ



ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1992
ਸਿਮ੍ਰਿਤੀ ਗ੍ਰੰਥ ਵਿੱਚੋਂ ਧੰਨਵਾਦ ਸਹਿਤ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 8 ◆ ਸਾਲ ਬਾਰ੍ਹਵਾਂ ◆ ਅਗਸਤ 2000



| ਸਹਾਇਕ ਸੰਪਾਦਕ (ਆਨਰੇਰੀ) | ਸੰਪਾਦਕ (ਆਨਰੇਰੀ) | ਸਹਿਯੋਗੀ |
|---|---|---|
| ਡਾ. ਗੁਰਮੀਤ ਸਿੰਘ ਬੈਦਵਾਣ | ਡਾ. ਜਾਗੀਰ ਸਿੰਘ | ਸ. ਹਰਭਜਨ ਸਿੰਘ |
| ਐਮ.ਏ., ਪੀ.ਐਚ.ਡੀ. | ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ. | ਸ. ਉੱਤਮ ਸਿੰਘ |



2 ਮਿਤ੍ਰ ਅਸਾਡੜੇ ਸੇਈ

3 ਕਰਉ ਬੇਨੰਤੀਆ

4 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਾਵਿ ਪਰੰਪਰਾ
ਡਾ. ਤਾਰਨ ਸਿੰਘ

8 ਗੁਰਬਾਣੀ ਨਾਲ ਜੁੜੀਏ
ਭਗਵੰਤ ਸਿੰਘ ਦਲਾਵਰੀ

13 ਆਉ ਤਬਲਾ ਸਿੱਖੀਏ
ਭਾਈ ਗੁਰਜੰਤ ਸਿੰਘ ਰਾਹੀ

15 ਗੁਰੂ ਨਾਨਕ ਦੇਵ ਜੀ ਦਾ ਫਰਿੰਦੇ ਪਾਸੋਂ ਰਬਾਬ ਮੰਗਵਾਉਣਾ
ਡਾ. ਜੋਗਿੰਦਰ ਸਿੰਘ ਬਾਵਰਾ

17 ਗੁਰਬਾਣੀ ਕੀਰਤਨ ਦੀ ਮਹਿਮਾ
ਮਨਮੋਹਨ ਸਿੰਘ ਦਾਊਂ

18 ਗੁਰਬਾਣੀ ਗਾਇਨ ਪਰੰਪਰਾ
ਗਿਆਨੀ ਆਵਤ ਸਿੰਘ

20 ਸੰਗੀਤ
ਡਾ. ਗੁਰਮੁਖ ਸਿੰਘ ਸਹਿਗਲ

27 ਅੰਮ੍ਰਿਤ
ਸੋਹਿੰਦਰ ਸਿੰਘ ਵਣਜਾਰਾ ਬੇਦੀ

28 ਪੁਸਤਕ ਸਮੀਖਿਆ
ਕੋਮਲ ਸਿੰਘ

30 Sikhism and other world religious musical traditions
Chris Mooney Singh

32 Kirtan in Gurdwara
Sujan Singh

33 Short cut to happiness
Satnam Kaur

34 ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ
ਮਨਮੋਹਨ ਸਿੰਘ

35 ਸੁਰ-ਲਿਪੀਆਂ



'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

■

Donations are eligible for relief u/s 80 G of Income-Tax Act, 1961 vide CIT/ CHD/80-G/78/Tech. Dated 30-7-1999 valid upto 31-3-2001



ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/I, ਸੈਕਟਰ 22-ਬੀ,
ਚੰਡੀਗੜ੍ਹ 160 022
ਫੋਨ :
0172-701396, 713915
E-mail:
drjagirsingh@mailjol.com



ਇਸ਼ਤਿਹਾਰਾਂ ਦਾ ਵੇਰਵਾ :
*ਪਿਛਲਾ ਕਵਰ*
6000 ਰੁਪਏ
*ਕਵਰ ਦੇ ਅੰਦਰਲੇ ਪੰਨੇ*
4000 ਰੁਪਏ
*ਸਾਧਾਰਨ ਪੂਰਾ ਪੰਨਾ*
2000 ਰੁਪਏ



ਚੰਦੇ ਦਾ ਵੇਰਵਾ :

ਦੇਸ਼ ◆ ਇਕ ਕਾਪੀ 15 ਰੁ. ◆ ਸਲਾਨਾ 150 ਰੁ. ◆ ਜੀਵਨ ਮੈਂਬਰ (15 ਸਾਲ) 1500 ਰੁ

ਵਿਦੇਸ਼ ◆ ਸਲਾਨਾ 30 $ ◆ ਜੀਵਨ ਮੈਂਬਰ (15 ਸਾਲ) 300 $

■

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

■



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
*sohal specials*
Designers & Printers
(Pager: 9610408677)

# ਮਿਤ੍ਰ ਅਸਾਡੜੇ ਸੇਈ

★ 'अमृत कीर्तन' मैगजीन पढ़ा। बहुत अच्छा लगा। भगवंत सिंह दलावरी का अपनी धर्म बेटी को एक गुरमत सुनेहा पढ़ा। बहुत अच्छा लगा। वाहगुरू विश्वास करने वालों का सब कारज सवार देता है। उसके घर में किसी चीज की कमी नहीं होती। वो दे रहे हैं। पता नहीं कितने जुगों से दे रहे हैं। पर लेखक की एक बात समझ में नहीं आई। उन्होंने लिखा कि दुनियावी चीज नहीं मांगनी। पर बानी में लिखा है कि 'ਮਾਨ ਮਾਂਗਉ, ਤਾਨ ਮਾਂਗਉ, ਧਨ ਲਖਮੀ ਸੁਤ ਦੇਹ'।

*डा. ज्ञानी चेत सिंह*

RZ-4B, रवि नगर एक्सटेंशन, धर्मपुरी (ख्याला) नयी दिल्ली - 18

★ ਆਪ ਜੀ ਵੱਲੋਂ ਪ੍ਰਕਾਸ਼ਤ 'ਅੰਮ੍ਰਿਤ ਕੀਰਤਨ' ਮੈਗਜ਼ੀਨ ਨਿਰੰਤਰ ਮਿਲ ਰਿਹਾ ਹੈ ਪੜ੍ਹ ਕੇ ਬਹੁਤ ਪ੍ਰਸੰਨਤਾ ਹੁੰਦੀ ਹੈ ਆਪ ਜੀ ਦਾ ਸ਼ੁਭ ਉਦਮ ਕਾਬਲੇ ਤਾਰੀਫ ਹੈ।

*ਉਸਤਾਦ ਸੁਰਜੀਤ ਸਿੰਘ*

ਅਕਾਲ ਗੁਰਮਤਿ ਸੰਗੀਤ ਵਿਦਿਆਲਯ

ਗੁਰਦੁਆਰਾ ਜਨਮ ਅਸਥਾਨ, ਚੀਮਾ ਸਾਹਿਬ

★ ਆਪ ਦਾ ਪਰਚਾ 'ਅੰਮ੍ਰਿਤ ਕੀਰਤਨ' ਬਕਾਇਦਾ ਪੁੱਜਦਾ ਹੈ, ਧੰਨਵਾਦੀ ਹਾਂ- ਮੈਂ ਬੜੇ ਸ਼ੌਕ ਨਾਲ ਪੜ੍ਹਦਾ ਹਾਂ। ਐਤਕੀ ਹਰਜਾਪ ਸਿੰਘ ਅਮਰੀਕਾ ਵਾਲਿਆਂ ਦਾ ਲੇਖ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਜੀ ਬਾਰੇ ਪੜ੍ਹਿਆ। ਚੰਗਾ ਉਦਮ ਹੈ, ਪਰ ਲੇਖਕ ਬਹੁਦ ਉਲਾਰੂ ਤੇ ਲੋੜ ਤੋਂ ਵਧ ਪ੍ਰਸੰਸਾ ਕਰਨ ਵਾਲਾ ਹੈ। ਪੁਰਾਣੇ ਰਾਗੀਆਂ ਵਿੱਚ ਭਾਈ ਹੀਰਾ ਸਿੰਘ, ਭਾਈ ਸੁਧ ਸਿੰਘ, ਪ੍ਰਧਾਨ ਸਿੰਘ ਤੇ ਭਾਈ ਜੁਆਲਾ ਸਿੰਘ ਸਨ। ਭਾਈ ਸਮੁੰਦ ਸਿੰਘ ਬਹੁਤ ਪਿੱਛੋਂ ਦੀ ਪੈਦਾਵਾਰ ਹੈ। ਉਦੋਂ ਸ਼ਾਇਦ ਭਾਈ ਸਮੁੰਦ ਸਿੰਘ ਬੱਚੇ ਹੀ ਹੋਣ, ਤੇ ਜਦੋਂ ਇਨ੍ਹਾਂ ਨੇ ਨਨਕਾਣਾ ਸਾਹਿਬ ਬਚਪਨ ਵਿੱਚ ਕੀਰਤਨ ਕਰਨ ਦਾ ਅਜੇ ਉ ਅ ਹੀ ਪੜ੍ਹਿਆ ਸੀ, ਉਦੋਂ ਲੋਕ ਇਨ੍ਹਾਂ ਨੂੰ ਕਾਕਾ ਸਮੁੰਦ ਸਿੰਘ ਕਹਿੰਦੇ ਸਨ।

ਇਸ ਲੇਖ ਵਿੱਚ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਦਾ ਨਾਮ ਭੀ ਨਹੀਂ ਲਿਆ ਗਿਆ। ਗੁਰੂ ਨਾਨਕ ਸਾਹਿਬ ਦੇ ਪੰਜ ਸੌ ਸਾਲਾ ਸਮਾਗਮ ਸਮੇਂ ਪੰਜਾਬ ਸਰਕਾਰ ਵਲੋਂ ਭਾਈ ਮਰਦਾਨਾ ਐਵਾਰਡ ਲੈਣ ਵਾਲੇ ਪਹਿਲੇ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਹੀ ਸਨ, ਦੂਜਾ ਭਾਈ ਬਖਸ਼ੀਸ਼ ਸਿੰਘ ਤੇ ਤੀਜਾ ਭਾਈ ਸਮੁੰਦ ਸਿੰਘ। (ਮਾਫ ਕਰਨਾ ਭਾਈ ਸਮੁੰਦ ਸਿੰਘ ਸਾਰੀ ਉਮਰ ਹਰ ਸ਼ਬਦ ਦਾ ਕੀਰਤਨ ਤਿੰਨ ਤਾਲ ਵਿੱਚ ਹੀ ਕਰਦੇ ਰਹੇ)

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਜਦ ਪੁਰਾਤਨ ਰੀਤਾਂ ਰਿਕਾਰਡ ਕਰਨ ਦੀ ਯੋਜਨਾ ਬਣਾਈ ਸੀ, ਤਾਂ ਡਾ. ਤਾਰਨ ਸਿੰਘ ਰਿਕਾਰਡਿੰਗ ਯੂਨਿਟ ਲੈ ਕੇ ਸਭ ਤੋਂ ਪਹਿਲਾਂ ਦਿੱਲੀ ਮੇਰੇ ਪਿਤਾ ਜੀ ਭਾਈ ਪ੍ਰਧਾਨ ਸਿੰਘ ਜੀ ਪਾਸ ਹੀ ਆਏ ਸਨ, ਅਤੇ ਦੋ ਵਾਰੀ ਆ ਕੇ ਇੱਕ ਇੱਕ ਘੰਟੇ ਦੀਆਂ ਰੀਤਾਂ ਮੇਰੇ ਪਿਤਾ ਜੀ ਭਾਈ ਪ੍ਰਧਾਨ ਸਿੰਘ ਜੀ ਤੋਂ ਰਿਕਾਰਡ ਕੀਤੀਆਂ। ਪਰ ਅਫਸੋਸ ਕਿ ਪੰਜਾਬੀ ਯੂਨੀਵਰਸਿਟੀ ਇਨ੍ਹਾਂ ਟੇਪਾਂ ਨੂੰ ਏਅਰ ਕੰਡੀਸ਼ਨ ਅਲਮਾਰੀਆਂ ਵਿੱਚ ਨਾ ਰਖ ਸਕੀ ਤੇ ਗਰਮੀ ਨਾਲ ਸਾਰੀਆਂ ਟੇਪਾਂ ਖ਼ਰਾਬ ਹੋ ਗਈਆਂ। ਉਦੋਂ ਡਾ. ਤਾਰਨ ਸਿੰਘ ਨੇ ਸਵਰਗਵਾਸੀ ਭਾਈ ਪ੍ਰਤਾਪ ਸਿੰਘ ਲੋਲ੍ਹਾ ਜੀ ਤੋਂ ਵੀ ਕੁਝ ਰੀਤਾਂ ਰਿਕਾਰਡ ਕੀਤੀਆਂ ਸਨ। ਪੰਜਾਬੀ ਯੂਨੀਵਰਸਿਟੀ ਨੇ ਉਦੋਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਨੂੰ ਇਹ ਰੀਤਾਂ ਸੁਰਬਧ (ਸਰਗਮ ਬਧ) ਕਰਨ ਲਈ ਕਿਹਾ ਸੀ।

*ਹਰਭਜਨ ਸਿੰਘ 'ਰਤਨ'*

B-15, ਲਾਜਪਤ ਨਗਰ-III, ਨਵੀਂ ਦਿੱਲੀ-110 024

★ 'ਅੰਮ੍ਰਿਤ ਕੀਰਤਨ' ਦਾ ਜੂਨ-ਅੰਕ ਪ੍ਰਾਪਤ ਕਰ ਕੇ ਅਗੰਮੀ ਖੁਸ਼ੀ ਹੋਈ। ਇਸ ਦੀ ਸੁੰਦਰ ਸਜੀਲੀ ਰੰਗਦਾਰ ਦਿੱਖ ਅਤੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੇ ਤਸਵੀਰੀ ਦਰਸ਼ਨ ਰੂਹ ਨੂੰ ਸ਼ਾਂਤੀ ਤੇ ਸੀਤਲਤਾ ਪ੍ਰਦਾਨ ਕਰਦੇ ਹਨ। 'ਅਨੰਦ ਕਾਰਜ' ਬਾਰੇ ਖੋਜ ਭਰਪੂਰ ਜਾਣਕਾਰੀ, 'ਕਰਉ ਬੇਨੰਤੀਆ' ਦੀ ਸਾਰਥਿਕ ਸੰਪਾਦਕੀ, 'ਅੰਮ੍ਰਿਤ ਵੇਲੇ ਦੀ ਸ਼ਾਨ' ਦਾ ਨਸ਼ਾ, 'ਗਾਵੀਐ ਸੁਣੀਐ ਮਨਿ ਰਖੀਐ ਭਾਉ' ਦੀ ਪੁਨਰ ਜਾਗਰਣ ਦ੍ਰਿਸ਼ਟੀ, 'ਡਾਕਟਰ ਨੇਕੀ ਨਾਲ ਕੁਝ ਗੱਲਾਂ' ਵਾਹਿਗੁਰੂ ਦੀਆਂ ਬਖਸ਼ਿਸ਼ਾਂ ਦੀ ਮਿਹਰ ਅਤੇ 'ਮੇਰਾ ਮਨ ਲੋਚੈ ਗੁਰਦਰਸ਼ਨ ਤਾਈਂ' ਪੰਚਮ ਪਾਤਸ਼ਾਹੀ ਦੀ ਅਲੌਕਿਕ ਸ਼ਹੀਦੀ ਦਾ ਪ੍ਰਾਕ੍ਰਿਤਕ ਸ਼ੈਲੀ 'ਚ ਵਰਨਣ ਪੜ੍ਹਨ ਯੋਗ ਰਚਨਾਵਾਂ ਹਨ। ਬਾਕੀ ਦੀ ਸਾਰੀ ਸਮੱਗਰੀ ਦੀ ਸੰਪਾਦਨਾ ਤੇ ਬਾਤਰਤੀਬ ਪੇਸ਼ਕਾਰੀ ਤੁਹਾਡੀ ਲਗਨ ਤੇ ਮਿਹਨਤ ਦਾ ਸਬੂਤ ਸਿੱਧ ਕਰਦੀ ਹੈ।

ਮੈਂ ਆਪਣੀਆਂ ਭਾਵਨਾਤਮਿਕ ਸ਼ੁਭ-ਇਛਾਵਾਂ ਭੇਜਣ ਦੀ ਖੁਸ਼ੀ ਲੈਂਦਾ ਹਾਂ। ਮਹਿਮਾ ਗਣੀ ਨਾ ਜਾਏ।

*(ਮਨਮੋਹਨ ਸਿੰਘ ਦਾਊਂ)*

280 ਫੇਜ਼ 6, ਮੁਹਾਲੀ (ਰੋਪੜ)

# ਕਰਉ ਬੇਨੰਤੀਆ

## ਜਿਨਾ ਖਾਧੀ ਚੋਪੜੀ

ਅੱਜ ਦੀ ਮੈਡੀਕਲ ਸਾਇੰਸ ਮਨੁੱਖ ਦੀ ਸਿਹਤ ਵਾਸਤੇ, ਖਾਣ-ਪੀਣ ਬਾਰੇ ਬੜੀਆਂ ਖੋਜਾਂ ਕਰ ਰਹੀ ਹੈ। ਕਿਤੇ ਕੋਈ ਲੇਖ ਹੁੰਦਾ ਸਿਹਤ ਲਈ ਘਿਉ ਖਾਣਾ ਠੀਕ ਨਹੀਂ। ਕਿਸੇ ਕਿਸੇ ਲੇਖ ਵਿੱਚ ਇੱਕ ਦੋ ਚਮਚੇ ਘਿਉ ਖਾਣੇ ਜ਼ਰੂਰੀ ਦੱਸੇ ਹੁੰਦੇ ਹਨ। ਕਿਤੇ ਚਾਹ ਦੇ ਫਾਇਦੇ ਕਿਤੇ ਚਾਹ ਦੇ ਨੁਕਸਾਨ। ਮੀਡੀਆ ਦਾ ਵਿਸਥਾਰ ਸਹਿਤ ਦਿੱਤਾ ਗਿਆਨ ਕਈ ਵਾਰੀ ਉਲਝਾਂਦਾ ਬਹੁਤਾ ਹੈ ਤੇ ਸੇਧ ਘਟ ਦਿੰਦਾ ਹੈ।

ਪਿੱਛੇ ਜਿਹੇ ਇੰਗਲੈਂਡ ਗਏ ਤਾਂ ਪੁਸਤਕਾਂ ਦੇ ਇੱਕ ਵੱਡੇ ਸਟੋਰ ਵਿੱਚ ਪੁੱਜੇ। ਉੱਥੇ ਇੱਕ ਸੈਕਸ਼ਨ ਪੂਰੇ ਦਾ ਪੂਰਾ ਖਾਣ ਪੀਣ ਦੀਆਂ ਪੁਸਤਕਾਂ ਨਾਲ ਭਰਿਆ ਪਿਆ ਸੀ। ਇਹ ਪੁਸਤਕਾਂ ਖਾਣ ਪੀਣ ਦੇ ਨਾਲ ਨਾਲ ਪਕਾਉਣ ਦੇ ਤਰੀਕਿਆਂ ਬਾਰੇ ਵੀ ਸਨ। ਅਸੀਂ ਹੰਸਲੋ ਸ੍. ਨਰਿੰਦਰ ਸਿੰਘ ਹੋਰਾਂ ਦੇ ਘਰ ਠਹਿਰੇ ਸਾਂ। ਉਹਨਾਂ ਦਾ ਸਪੁੱਤਰ ਹਰਦੀਪ ਸਿੰਘ ਵੀ ਖਾਣ-ਪੀਣ ਬਾਰੇ ਬੜਾ ਸੁਚੇਤ ਹੈ। ਉਹ ਸਾਡੇ ਵਾਂਗ ਐਵੇਂ ਹੀ ਸਵੇਰੇ ਨਾਸ਼ਤਾ ਕਰਨ ਨਹੀਂ ਸੀ ਬੈਠਦਾ। ਭੁੱਖ ਲੱਗਣ ਤੇ ਹੀ ਖਾਂਦਾ ਸੀ।

ਮੇਰੀ ਆਦਤ ਬੜੀ ਭੈੜੀ ਹੈ ਮੈਨੂੰ ਜਦੋਂ ਵੀ ਕੋਈ ਕੁਝ ਖਾਣ ਨੂੰ ਕਹੇ ਮੈਂ ਖਾ ਲੈਂਦਾ ਹਾਂ। ਹਰਦੀਪ ਦੀ ਮੰਮੀ ਮਨਜੀਤ ਕੌਰ ਸਮਾਂ ਲੱਗਣ ਤੇ ਰੋਟੀ ਪਕਾਉਂਦੀ ਅਤੇ ਉਸ ਨੂੰ ਆਪਣੇ ਪਿਆਰ ਤੇ ਸ਼ਰਧਾ ਦੇ ਨਾਲ ਨਾਲ ਘਿਉ ਵੀ ਲਗਾਉਂਦੀ। ਹਰਦੀਪ ਸਿੰਘ ਇਸ ਘਿਉ ਨੂੰ ਠੀਕ ਨਹੀਂ ਸਮਝਦਾ ਸੀ। ਹਰਦੀਪ ਸਿੰਘ ਨਾਲ ਮਿਲ ਕੇ ਮੈਂ ਵੀ ਇੱਕ ਦਿਨ ਉਸੇ ਵਾਂਗ ਖਾਣ-ਪੀਣ ਦਾ ਪ੍ਰੋਗਰਾਮ ਬਣਾਇਆ। ਉਹਨੇ ਮੈਨੂੰ ਸਾਰਾ ਦਿਨ ਪਾਣੀ-ਸਲਾਦ ਅਤੇ ਜੂਸ ਅਤੇ ਫਰੂਟ ਖਾਣ ਨੂੰ ਕਿਹਾ। ਉਹ ਕਹਿੰਦਾ ਬਹੁਤੀ ਭੁੱਖ ਤੁਹਾਡੇ ਮਨ ਨੂੰ ਲਗਦੀ ਹੈ। ਪੇਟ ਨੂੰ ਨਹੀਂ ਲਗਦੀ। ਜੇ ਪੇਟ ਪਾਣੀ ਨਾਲ ਭਰ ਲਵੋਂ ਤਾਂ ਮਨ ਨੂੰ ਰੱਜੇ ਹੋਣਾ ਦਾ ਭੁਲੇਖਾ ਪਿਆ ਰਹਿੰਦਾ ਹੈ। ਇਸ ਲਈ ਜੇ ਤਿੰਨ ਗਲਾਸ ਪਾਣੀ ਦੇ ਪੀ ਲਈਏ ਤਾਂ ਵੀ ਗੁਜ਼ਾਰਾ ਹੋ ਜਾਂਦਾ ਹੈ। ਪਿਆਰੇ ਹਰਦੀਪ ਦੀਆਂ ਕਈ ਗੱਲਾਂ ਬੜੀਆਂ ਸੁਚੱਜੀਆਂ ਸਨ। ਉਸ ਨੇ ਮੈਨੂੰ ਜੂਸ ਨਾਲ ਸਿਹਤ ਬਣਾਉਣ ਬਾਰੇ ਇੱਕ ਪੁਸਤਕ ਵਿਖਾਈ।

ਖਾਣ-ਪੀਣ ਬਾਰੇ ਪੁਰਾਤਨ ਸਮੇਂ ਵਿੱਚ ਵੀ ਸਿਆਣੇ ਲੋਕ ਬੜੇ ਸੁਚੇਤ ਸਨ। ਗੁਰਬਾਣੀ ਵਿੱਚੋਂ ਅਨੇਕਾਂ ਹੀ ਐਸੇ ਫੁਰਮਾਣ ਮਿਲਦੇ ਹਨ ਜਿਹਨਾਂ ਵਿੱਚ ਖਾਣ-ਪੀਣ ਸੰਬੰਧੀ ਚਿਤਾਵਨੀਆਂ ਦਿੱਤੀਆਂ ਹੋਈਆਂ ਹਨ :

- *ਹਰਿ ਰੁਖੀ ਰੋਟੀ ਖਾਇ ਸਮਾਲੇ*
  *ਅੰਤਰਿ ਬਾਹਰਿ ਨਦਰ ਨਿਹਾਲੇ।*
  *ਖਾਇ ਖਾਇ ਕਰੇ ਬਦਫੈਲੀ*
  *ਜਾਣੁ ਵਿਸੂ ਕੀ ਵਾੜੀ ਜੀਉ।*
- *ਰੁਖੀ ਸੁਖੀ ਖਾਇ ਕੇ ਠੰਢਾ ਪਾਣੀ ਪੀਉ,*
  *ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ।*
- *ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁਖ,*
  *ਜਿਹਨਾਂ ਖਾਧੀ ਚੋਪੜੀ ਘਣੇ ਸਹਿਣਗੇ ਦੁਖ।*
- *ਫਿਟੁ ਇਵੇਹਾ ਜੀਵਿਆ*
  *ਜਿਤੁ ਖਾਇ ਵਧਾਇਆ ਪੇਟੁ।*
- *ਬਾਬਾ ਹੋਰੁ ਖਾਣਾ ਖੁਸੀ ਖੁਆਰੁ,*
  *ਜਿਤੁ ਖਾਧੈ ਤਨ ਪੀੜੀਐ*
  *ਮਨ ਮਹਿ ਚਲਹਿ ਵਿਕਾਰ।*

ਇੰਗਲੈਂਡ ਦਾ ਇੱਕ ਗੁਰਦੁਆਰਾ ਹੈ ਜਿੱਥੇ ਕਹਿੰਦੇ ਹਨ ਹਫਤੇ ਵਿੱਚ ਕੋਈ ਵੀਹ ਹਜ਼ਾਰ ਪ੍ਰਾਣੀ ਲੰਗਰ ਛਕਦੇ ਹਨ। ਉਸ ਲੰਗਰ ਵਿੱਚ ਪਦਾਰਥ ਕਿਸੇ ਫਾਈਵ ਸਟਾਰ ਹੋਟਲ ਦੇ ਖਾਣੇ ਤੋਂ ਘਟ ਨਹੀਂ ਹੁੰਦੇ। ਅਜਿਹੇ ਵਿਸ਼ਾਲ ਕਾਰਨਾਮੇ ਵੇਖ ਕੇ ਕਈ ਵਾਰ ਮੂੰਹੋਂ ਨਿਕਲਦਾ ਹੈ- ਧੰਨ ਸਿੱਖੀ। ਉੱਥੇ ਬੋਰਡ ਉੱਤੇ ਇੱਕ ਕਥਨ ਲਿਖਿਆ ਹੋਇਆ ਹੈ :

ਖਾਓ ਮਨ ਭਰ, ਜੂਠ ਨਾ ਛੱਡੋ ਕਣ ਭਰ।

ਮਨ ਦੀ ਭੁੱਖ ਨਾਲ ਖਾਧਾ ਤਾਂ ਪੇਟ ਵਧਾਏਗਾ, ਬਦਫੈਲੀ ਕਰਵਾਏਗਾ, ਤਨ ਨੂੰ ਰੋਗੀ ਬਣਾਏਗਾ। ਇਸ ਲਈ ਸਰੀਰ ਨੂੰ ਜਿਤਨੀ ਕੁ ਲੋੜ ਹੈ ਉਸੇ ਅਨੁਸਾਰ ਖਾਣਾ ਚਾਹੀਦਾ ਹੈ। ਇੰਗਲੈਂਡ ਵਿੱਚ 'ਓਵਰ ਵੇਟ' ਵਾਲੇ ਸਿੱਖ ਬਹੁਤੇ ਹਨ। ਆਓ ਆਪਣੇ ਅੰਦਰ ਝਾਤ ਮਾਰ ਕੇ ਆਪਣੀ ਇਹ ਕਮਜ਼ੋਰੀ ਦੂਰ ਕਰਨ ਦੀ ਕੋਸ਼ਿਸ਼ ਕਰੀਏ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਾਵਿ ਪਰੰਪਰਾ

ਡਾਕਟਰ ਤਾਰਨ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਕਵੀਆਂ ਵਿੱਚ ਵਿਚਾਰਾਂ, ਮੰਤਵਾਂ ਤੇ ਸ਼ੈਲੀ ਦੀ ਸਾਂਝ ਬਹੁਤ ਵੱਧ ਹੈ ਅਤੇ ਵਖੇਵਾਂ ਬਹੁਤ ਘੱਟ ਹੈ। ਇਸ ਲਈ ਇਹ ਸਾਰੀ ਰਚਨਾ ਪ੍ਰਮੁੱਖ ਤੌਰ ਤੇ ਇੱਕੋ ਲਹਿਰ ਦੀ ਰਚਨਾ ਹੈ ਜਾਂ ਇੱਕੋ ਕਾਵਿ ਸਕੂਲ ਦੀ ਸਿਰਜਨਾ ਹੈ। ਭਗਤਾਂ, ਗੁਰੂਆਂ ਤੇ ਭੱਟਾਂ ਦੀਆਂ ਤਿੰਨੇ ਸ਼ਰੇਣੀਆਂ ਇੱਕੋ ਸਕੂਲ ਦੀਆਂ ਹੀ ਸ਼ਰੇਣੀਆਂ ਹਨ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਵਿੱਚ ਵਿਚਾਰਾਂ ਤੇ ਕਾਵਿ ਕਲਾ ਦੀ ਸਾਂਝ ਬਹੁਤ ਵੱਧ ਹੈ।

ਇੱਥੇ ਭੂਮਿਕਾ ਵਿੱਚ ਵਿਚਾਰਾਂ ਤੇ ਕਲਾ ਦੀ ਸਾਰੀ ਸਾਂਝ ਦਾ ਵਿਸਥਾਰ ਸਹਿਤ ਵਿਸ਼ਲੇਸ਼ਣ ਕਰ ਦਿੱਤਾ ਗਿਆ ਹੈ। ਇਹ ਸਾਂਝੇ ਵਿਚਾਰ ਤੇ ਕਲਾ-ਪੱਖ ਮੁੜ ਮੁੜ ਕੇ ਹਰ ਭਗਤ ਜਾਂ ਗੁਰੂ ਦੇ ਵਿਸ਼ਲੇਸ਼ਣ ਵਿੱਚ ਦੁਹਰਾਏ ਨਹੀਂ ਗਏ। ਇਸ ਲਈ ਇਹ ਹਰ ਇੱਕ ਭਗਤ ਜਾਂ ਗੁਰੂ ਦੇ ਵਿਸ਼ਲੇਸ਼ਣ ਵਿੱਚ ਸ਼ਾਮਲ ਸਮਝੇ ਜਾਣ। ਉਹਨਾਂ ਦੀਆਂ ਜ਼ਾਤੀ ਵਿਸ਼ੇਸ਼ਤਾਵਾਂ ਤੇ ਪਰਵਿਰਤੀਆਂ ਦਾ ਵਰਣਨ ਉਹਨਾਂ ਦੇ ਵਿਸ਼ਲੇਸ਼ਣ ਵਿੱਚ ਵੱਖ ਵੱਖ ਦਿੱਤਾ ਗਿਆ ਹੈ।

ਸਾਂਝੇ ਵਿਚਾਰਾਂ ਤੇ ਕਲਾ-ਪੱਖਾਂ ਦਾ ਵਿਸ਼ਲੇਸ਼ਣ ਇਸ ਪ੍ਰਕਾਰ ਕੀਤਾ ਹੈ।

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸਮਾਦ
2. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ
3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਤੇ ਕਾਵਿ ਦਾ ਸੰਜੋਗ
4. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨ ਕਲਾ
5. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਾਵਿ-ਸ਼ੈਲੀ
6. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਿੰਬਾਵਲੀ
7. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਿਥਿਹਾਸ ਦੀ ਵਰਤੋਂ
8. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਬਲੀ ਤੇ ਬੋਲੀ

**ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸਮਾਦ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਵਿਸਮਾਦ ਨੂੰ ਉਹ ਮਾਣ ਸਕਦਾ ਹੈ ਜਿਸ ਦੀ ਸ਼ਖਸੀਅਤ ਵਿੱਚ ਇਹ ਅਸ਼ਟਾਂਗ ਗੁਣ-ਪਰਾਪਤੀ ਵਿਦਮਾਨ ਹੋਵੇ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਸਲੋਕ ਵਿੱਚ ਇਉਂ ਦਰਸਾਇਆ ਹੈ :

ਵਾਰ ਸਾਰੰਗ ਮਹਲਾ 1

*ਇਕਨਾ ਨਾਦ ਨ ਬੇਦ ਨ ਗੀਅ ਰਸੁ,*
*ਰਸ ਕਸੁ ਨ ਜਾਣੰਤਿ॥*
*ਇਕਨਾ ਸੁਧਿ ਨ ਬੁਧਿ ਨ ਅਕਲਿ ਸਰ,*
*ਅਖਰ ਕਾ ਭੇਉ ਨ ਲਹੰਤ॥*
*ਨਾਨਕ ਸੇ ਨਰ ਅਸਲਿ ਖਰ,*
*ਜਿ ਬਿਨੁ ਗੁਣ ਗਰਬੁ ਕਰੰਤ॥*

ਅੱਠ ਗੁਣ ਇਹ ਹਨ :

(1) ਨਾਦ : ਪਹਿਲੀ ਪਰਾਪਤੀ 'ਨਾਦ' ਦੀ ਹੈ। 'ਨਾਦ' ਦਾ ਭਾਵ ਉਹ ਆਤਮਕ ਤੇ ਅੰਤਸ਼ਕਰਣ ਦੀ ਅਵਸਥਾ ਹੈ ਜਦੋਂ 'ਖਸਮ ਕੀ ਬਾਣੀ' ਦਾ ਆਵੇਸ਼ ਮਨੁੱਖ ਨੂੰ ਹੁੰਦਾ ਹੈ। ਭਾਵ ਜਿੰਨੇ ਤੀਕ ਮਨੁੱਖ ਆਤਮਕ ਤੌਰ ਤੇ ਆਪ ਪ੍ਰਭੂ ਦੀ ਬਾਣੀ ਸੁਣਨ ਦੇ ਸਮਰਥ ਨਹੀਂ ਹੋ ਜਾਂਦਾ, ਉੱਨੇ ਤੀਕ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵਿਸਮਾਦ ਨਹੀਂ ਪਰਾਪਤ ਹੁੰਦਾ। 'ਨਾਦ' ਪ੍ਰਭੂ ਦੀ ਆਪਣੀ ਆਵਾਜ਼ ਹੈ ਜੋ ਮਨੁੱਖ ਨੂੰ ਅੰਤਸ਼ਕਰਣ ਤੇ ਆਤਮਾ ਵਿੱਚੋਂ ਸੁਣਾਈ ਦਿੰਦੀ ਹੈ। ਸ਼ਬਦ ਹਰ ਇੱਕ ਦੇ ਅੰਦਰ ਗੱਜਦਾ ਹੈ ਪਰ ਸੁਣਨ ਦੀ ਸ਼ਕਤੀ ਕਿਸੇ ਕਿਸੇ ਵਿੱਚ ਹੈ। ਬਾਣੀ ਦੀ ਸੂਝ ਨਾਦ ਪਰਾਪਤੀ ਦੀ ਅਵਸਥਾ ਦੁਆਰਾ ਹੀ ਹੋਣੀ ਹੈ।

*ਮਿਹਰਵਾਨ ਮਉਲਾ ਤੂ ਹੀ ਏਕ॥ ਪੀਰ ਪੈਕਾਂਬਰ ਸੇਖ॥*
*ਦਿਲਾ ਕਾ ਮਾਲਕੁ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ॥*
(ਰਾਮਕਲੀ ਮ: 5, 907)

(2) ਬੇਦ : ਬੇਦ ਪ੍ਰਭੂ ਬਾਰੇ ਪਰੰਪਰਾਈ ਗਿਆਨ ਦਾ ਜਾਣਨਾ ਹੈ (Traditional knowledge) ਜਿੰਨੇ ਤੀਕ ਕਿਸੇ ਮਨੁੱਖ ਨੂੰ ਭਾਰਤੀ ਧਰਮ ਪੁਸਤਕਾਂ ਦਾ ਗਿਆਨ ਨਹੀਂ ਜੋ ਕਿ ਸਾਡਾ ਹੀ ਪਰੰਪਰਾਈ ਵਿਰਸਾ ਹਨ, ਉੱਨੇ ਤੀਕ ਉਹ ਇਸ (ਸ੍ਰੀ ਗੁਰੂ ਗ੍ਰੰਥ) ਵੇਦ ਨੂੰ ਵੀ ਨਹੀਂ ਸਮਝੇਗਾ। ਇਹ ਮਹਾਨ ਗ੍ਰੰਥ ਪੁਰਾਤਨ ਸਨਾਤਨ ਗਿਆਨ ਵਿੱਚੋਂ ਉਪਜਿਆ ਹੈ ਅਤੇ ਉਸੇ ਪਰੰਪਰਾ ਨੂੰ ਹੋਰ ਵਿਕਾਸ ਪਰਦਾਨ ਕਰਦਾ ਹੈ। ਇਸ ਤਰ੍ਹਾਂ ਇਹ ਨਵੀਂ ਚੀਜ਼ ਵੀ ਹੈ, ਪਰ ਅਸਲੋਂ ਨਵੀਂ ਵੀ ਨਹੀਂ ਹੈ ਕਿਉਂਕਿ ਇਸ ਦੀ ਜੜ੍ਹ ਪਿੱਛੇ ਵੇਦ ਵਿੱਚ ਹੈ। ਭਾਰਤੀ ਬ੍ਰਹਮ ਵਿੱਦਿਆ ਦੀ ਚੰਗੀ ਜਾਣਕਾਰੀ ਹੀ ਕਿਸੇ ਮਨੁੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਬੋਧ ਪ੍ਰਾਪਤ ਕਰਨ ਵਿੱਚ ਸਹਾਈ

ਹੋਵੇਗੀ। ਇਸ ਤੋਂ ਬਿਨ੍ਹਾਂ ਇਸ ਗ੍ਰੰਥ ਦੇ ਗੋਹਜ ਭੇਦਾਂ ਨੂੰ ਨਹੀਂ ਸਮਝਿਆ ਜਾਏਗਾ।

(3) **ਗੀਅ ਰਸੁ** : ਤੀਜੀ ਮਹਾਨ ਸ਼ਰਤ ਇਸ ਗ੍ਰੰਥ ਨੂੰ ਮਾਨਣ ਲਈ ਹੈ, ਭਾਰਤੀ ਸੰਗੀਤ ਵਿੱਚ ਪਰਬੀਨਤਾ। ਜਿੰਨੀ ਹੀ ਕਿਸੇ ਨੂੰ ਸੰਗੀਤ ਪਿੰਗਲ, ਤੇ ਪੁਰਾਤਨ ਸੰਗੀਤ ਪਰੰਪਰਾ ਤੇ ਰਾਗ ਮਾਲਾ ਦੀ ਜਾਣਕਾਰੀ ਹੈ, ਉੱਨਾ ਹੀ ਉਹ ਇਸ ਗ੍ਰੰਥ ਦੀ ਬਾਣੀ ਨੂੰ ਸਮਝਣ ਦੇ ਸਮਰਥ ਹੋਵੇਗਾ। ਜੋ ਕੋਈ ਇਹਨਾਂ ਰਾਗਾਂ ਨੂੰ ਗਾ ਸਕਦਾ ਹੈ ਜਾਂ ਇਹ ਗਾਇਨ ਹੁੰਦੇ ਹੋਣ ਤੇ ਉਹ ਉਹਨਾਂ ਦਾ ਰਸ ਮਾਣ ਸਕਦਾ ਹੈ (ਇੰਨੀ ਰਾਗ ਦੀ ਸੂਝ ਹੈ) ਉਹ ਇਸ ਬਾਣੀ ਦੀ ਮਹਾਨਤਾ ਤੇ ਇਸ ਦੇ ਰਸ ਨੂੰ ਮਾਣ ਸਕੇਗਾ।

(4) **ਰਸ ਕਸ** : ਭਾਰਤੀ ਵਿਦਵਾਨਾਂ ਨੇ ਕਵਿਤਾ ਵਿੱਚ ਨੌ ਰਸ ਮੰਨੇ ਹਨ ਜਿਨ੍ਹਾਂ ਵਿੱਚੋਂ ਕੁਝ ਚੰਗੇ ਹਨ ਜਿਵੇਂ ਸ਼ਿੰਗਾਰ, ਸ਼ਾਂਤ,- ਪਰ ਕਈ ਮੰਦੇ ਵੀ ਹਨ ਜਿਵੇਂ ਰੁਦ੍ਰ, ਬੀਭਤਸ ਆਦਿ। ਸ੍ਰੀ ਗੁਰੂ ਸਾਹਿਬ ਦਾ ਪੂਰਨ ਵਿਸਮਾਦ ਉਹ ਜਾਣੇਗਾ, ਜਿਸ ਨੂੰ ਇਹਨਾਂ ਰਸਾਂ ਤੇ ਕਸਾਂ ਦੀ ਸੂਝ ਹੈ। ਇਸ ਬਾਣੀ ਵਿੱਚ ਸਾਰੇ ਰਸ ਉਪਸਥਿਤ ਹਨ। ਸ਼ਿੰਗਾਰ ਵੀ ਹੈ, ਬੀਰ ਵੀ ਹੈ, ਪਰ ਕਿਤੇ ਰੁਦ੍ਰ, ਬੀਭਤਸ, ਆਦਿ ਵੀ ਹਨ। ਰਸ ਦੀ ਸੂਝ ਬਾਣੀ ਨੂੰ ਮਾਣਨ ਵਿੱਚ ਸਹਾਈ ਹੈ।

(5) **ਸੁਧਿ** : ਸੁਧਿ ਹੈ ਬ੍ਰਹਮ ਚੇਤੰਨਤਾ। ਜਿੰਨੇ ਤੀਕ ਮਨੁੱਖ ਚੇਤੰਨ ਨਹੀਂ ਹੈ, ਉਸ ਨੂੰ ਬਾਣੀ ਦਾ ਰਸ ਵੀ ਪ੍ਰਾਪਤ ਨਹੀਂ ਹੈ ਅਤੇ ਨਾ ਹੀ ਇਸ ਦਾ ਰਹਸ ਪ੍ਰਾਪਤ ਹੁੰਦਾ ਹੈ। ਪ੍ਰਭੂ ਨਾਲ ਜੁੜਨ ਕਰਕੇ 'ਸੁਧ' ਪਰਗਟ ਹੁੰਦੀ ਹੈ, ਲਿਵ ਵਿੱਚ ਸੁਧ ਉਪਜਦੀ ਹੈ।

(6) **ਬੁਧਿ** : ਸੰਸਾਰ ਦੇ ਅਨੇਕ ਪੱਖੀ ਗਿਆਨ ਦੇ ਅਭਿਆਸ ਨਾਲ ਬੁਧ ਉਪਜਦੀ ਹੈ, ਮਨੁੱਖ ਬੁਧੀਮਾਨ ਬਣਦਾ ਹੈ। ਭਾਵ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਹੁ-ਪੱਖੀ ਗਿਆਨ ਹੈ- ਇੱਥੇ ਬ੍ਰਹਮ ਗਿਆਨ ਤੇ ਹੈ ਹੀ, ਪਰ ਇੱਥੇ ਖਗੋਲ ਵਿੱਦਿਆ ਵਲ ਸੰਕੇਤ ਹਨ, ਜੋਤਸ਼ ਹੈ, ਯੋਗ ਹੈ, ਵਿਗਿਆਨ ਹੈ, ਭੂਗਰਭ ਗਿਆਨ ਹੈ, ਸੂਰਜ ਚੰਨ ਦੇ ਸੰਕੇਤ ਹਨ; ਇਸ ਵਿੱਚ ਅਰਥ ਵਿੱਦਿਆ, ਰਾਜ ਵਿੱਦਿਆ ਬਾਰੇ ਸੰਕੇਤ ਹਨ। ਜਿੰਨਾ ਕਿਸੇ ਦਾ ਗਿਆਨ ਸੰਪੂਰਨ ਤੇ ਬਹੁ ਪੱਖੀ ਹੋਵੇਗਾ, ਉੱਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਕਾਵਿ ਦੇ ਰਹਸ ਨੂੰ ਸਮਝੇਗਾ ਅਤੇ ਉਸ ਨੂੰ ਰਸ ਦੀ ਪ੍ਰਾਪਤੀ ਵੀ ਹੋਵੇਗੀ।

(7) **ਅਕਲਿ ਸਰ** : ਸਤਵੀਂ ਚੀਜ਼ 'ਅਕਲ' ਮੰਨੀ ਹੈ। ਅਕਲ ਹੈ ਆਪਣੇ ਤਜਰਬੇ ਵਿੱਚੋਂ ਪ੍ਰਾਪਤ ਹੋਇਆ ਗਿਆਨ। ਜ਼ਾਤੀ ਤਜਰਬੇ ਨਾਲ ਸਾਰ ਅਕਲ ਜਾਂ ਸ਼੍ਰੇਸ਼ਟ ਅਕਲ ਉਪਜਦੀ ਹੈ। ਜਿਸ ਚੀਜ਼ ਦਾ ਜਾਤੀ ਤਜਰਬਾ ਹੋਵੇਗਾ, ਉਸ ਤੇ ਵਿਸ਼ਵਾਸ ਛੇਤੀ ਆਵੇਗਾ। ਕੁਦਰਤ ਨੂੰ ਚੰਗੀ ਤਰ੍ਹਾਂ ਵੇਖਣ ਨਾਲ ਬ੍ਰਹਮ ਗਿਆਨ ਵੀ ਉਪਜਦਾ ਹੈ। 'ਅਕਲੀ' ਹੀ ਪ੍ਰਭੂ ਸੇਵਨ ਦੀ ਵੀ ਜਾਚ ਆਉਂਦੀ ਹੈ।

(8) **ਅਖਰ ਦਾ ਭੇਉ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪੂਰੀ ਤਰ੍ਹਾਂ ਸਮਝਣ ਲਈ 'ਅੱਖਰਾਂ' ਦੀ ਸੂਝ ਲੋੜੀਂਦੀ ਹੈ, ਹਰ ਬੋਲੀ ਦੀ ਸੂਝ ਲੋੜੀਂਦੀ ਹੈ। ਬੋਲੀ ਜਾਣਨਾ ਕਾਫੀ ਨਹੀਂ ਹੈ, ਸਗੋਂ ਬੋਲੀ ਦੇ ਅੱਖਰਾਂ ਦੇ ਪੂਰਨ ਭੇਦ ਨੂੰ ਜਾਣਨ ਦੀ ਲੋੜ ਹੈ ਅੱਖਰਾਂ ਦੀ ਉਤਪਤੀ, ਵਿਕਾਸ ਤੇ ਇਤਿਹਾਸ ਦੀ ਜਾਣਕਾਰੀ ਦੀ ਲੋੜ ਹੈ। ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਸਹਸਕ੍ਰਿਤੀ, ਪੰਜਾਬੀ, ਮਰਾਠੀ, ਸਿੰਧੀ, ਹਿੰਦੀ, ਬ੍ਰਜੀ, ਅਰਬੀ, ਫਾਰਸੀ, ਆਦਿ ਦੇ ਡੂੰਘੇ ਗਿਆਨ ਦੀ ਲੋੜ ਹੈ, ਇਹਨਾਂ ਦੇ ਵਿਆਕਰਣਾਂ ਦੀ ਜਾਣਕਾਰੀ ਚਾਹੀਦੀ ਹੈ।

ਸੋ ਇਹਨਾਂ ਅੱਠ ਗੁਣਾਂ ਵਿੱਚ ਨਿਪੁੰਨਤਾ ਹੀ ਕਿਸੇ ਮਨੁੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਸਮਝਣ ਦੇ ਸਮਰਥ ਬਣਾਂਦੀ ਹੈ।

### ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ 'ਵੇਦ' ਦਾ ਹੈ, 'ਸ਼ਾਸਤ੍ਰ' ਦਾ ਨਹੀਂ- ਭਾਵ ਜਿਵੇਂ 'ਵੇਦ' ਨੇ ਆਤਮਕ ਅਨੁਭਵ ਤੇ ਸਰੋਦੀ ਹੂਕ ਦੁਆਰਾ ਦੇਵਤਿਆਂ ਦੀ ਉਸਤਤੀ ਗਾਈ ਹੈ ਤਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਪਾਰਬ੍ਰਹਮ ਪਰਮਾਤਮਾ ਅਕਾਲ ਪੁਰਖ ਦੀ ਉਸਤਤੀ ਗਾਈ ਹੈ, ਆਤਮਕ ਅਨੁਭਵ ਅਤੇ ਸਰੋਦੀ ਸੋਹਜਵਾਦੀ ਕਵਿਤਾ ਦੁਆਰਾ ਨਾ ਕਿ ਇੱਥੇ 'ਸ਼ਾਸਤ੍ਰ' ਦੀ ਤਰ੍ਹਾਂ ਕਿਸੇ ਇੱਕ 'ਸਿਧਾਂਤ' ਨੂੰ ਬੌਧਿਕਤਾ ਦੇ ਬਲ ਨਾਲ ਅਤੇ ਵਾਦ-ਵਿਵਾਦ ਤੇ ਖੰਡਨ ਮੰਡਨ ਦੁਆਰਾ ਸਿਧ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਮਹਾਨ ਪੁਸਤਕ ਵਿੱਚ ਅਨੇਕ ਸਿਧਾਂਤ ਇਸ ਤਰ੍ਹਾਂ ਸਮਿਲਿਤ ਹੋਏ ਹਨ ਜਿਵੇਂ ਉਹ 'ਵੇਦ' ਵਿੱਚ ਸਨ ਅਤੇ ਮਗਰੋਂ ਗੌਤਮ, ਜੈਮਨੀ, ਕਪਲ, ਪਾਤੰਜਲੀ ਆਦਿ ਨੇ 'ਵੇਦ' ਨੂੰ ਮਥ ਕੇ ਛੇ ਸ਼ਾਸਤ੍ਰ ਕੱਢ ਲਏ- ਤਿਵੇਂ ਹੀ ਇਸ ਵਿੱਚੋਂ ਫਲਸਫਾ ਜਾਂ ਫਲਸਫੇ ਕੱਢੇ ਜਾ ਸਕਦੇ ਹਨ, ਅਨੇਕ ਸਿਧਾਂਤਾਂ ਦੇ 'ਸੂਤ੍ਰ' ਇਸ ਵਿੱਚ ਉਸ ਤਰ੍ਹਾਂ ਮਿਲੇ ਹੋਏ ਹਨ ਜਿਵੇਂ ਦੁੱਧ ਵਿੱਚ ਘਿਉ, ਪਰ ਉਸ ਤਰ੍ਹਾਂ ਦੁੱਧ ਵਿੱਚ ਦਿਸਦਾ ਨਹੀਂ ਹੈ। 'ਵੇਦ' ਵਿੱਚ ਛੇ ਹੀ ਸ਼ਾਸਤ੍ਰਾਂ ਦੀ ਸੰਭਾਵਨਾ ਮੌਜੂਦ ਸੀ,

ਇਸੇ ਤਰ੍ਹਾਂ ਇਸ ਮਹਾਨ ਪੁਸਤਕ ਵਿੱਚ ਵੀ 'ਅਨੇਕ ਵੇਸਾਂ' ਵਾਲੇ ਪਰਮਾਤਮਾ ਦੇ ਅਨੇਕ ਸਰੂਪ ਬਿਆਨ ਕੀਤੇ ਹਨ ਪਰ ਕਵਿਤਾ ਦੇ ਖੁਲ੍ਹੇ ਵਹਿਣ ਵਿੱਚ, ਨਾ ਕਿ ਬੌਧਿਕ ਸ਼ਾਸਤ੍ਰਕ ਰੂਪ ਵਿੱਚ।

*ਛਿਅ ਘਰ ਛਿਅ ਗੁਰ ਛਿਅ ਉਪਦੇਸ॥*

*ਗੁਰੁ ਗੁਰੁ ਏਕੋ ਵੇਸ ਅਨੇਕ॥*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨ ਕਲਾ 'ਵੇਦ' ਵਾਲੀ ਹੈ, 'ਸ਼ਾਸਤ੍ਰ' ਵਾਲੀ ਨਹੀਂ। ਇਹ ਇੱਕ ਗੁੱਟ ਪ੍ਰਬੰਧ ਵਿੱਚ ਰਚਿਆ ਫਲਸਫੇ ਦਾ ਗ੍ਰੰਥ ਨਹੀਂ ਹੈ, ਵਿਸਮਾਦ ਦੇ ਅਨੁਭਵ ਦਾ ਖੁਲ੍ਹਾ ਪ੍ਰਗਟਾ ਹੈ ਜਿਸ ਵਿੱਚ ਸੰਕੁਚਿਤ ਰੂਪ ਵਿੱਚ ਕੰਮ ਕਰਨ ਵਾਲੀ ਬੌਧਿਕਤਾ ਨੂੰ ਕਈ ਸ੍ਵੈ-ਵਿਰੋਧ ਜਾਪਦੇ ਹਨ ਪਰ ਕਵੀ-ਹਿਰਦੇ ਨੂੰ ਕੋਈ ਵਿਰੋਧ ਨਹੀਂ ਜਾਪਦੇ। ਬੌਧਿਕਤਾ ਛਿਥੀ ਪੈ ਜਾਂਦੀ ਹੈ ਕਿ ਇਸ ਪੁਸਤਕ ਵਿੱਚ ਇਕੋ ਪੁਸਤਕ ਵਿੱਚ ਇਕੋ ਹੀ ਖਿਆਲ ਮੁੜ ਮੁੜ ਦੁਹਰਾਏ ਹੋਏ ਹਨ, ਪਰ ਪ੍ਰੇਮ ਨੂੰ ਹਰ ਥਾਂ ਉਹੀ ਖਿਆਲ ਨਵੀਂ ਕਵਿਤਾ ਵਿੱਚ ਬੱਧਾ ਹੋਣ ਕਰਕੇ, ਨਵਾਂ ਹੀ ਹੁਲਾਰਾ ਦਿੰਦਾ ਹੈ। ਪ੍ਰੇਮ, ਅਨੁਭਵ, ਵਿਸਮਾਦ ਤੇ ਕਵਿਤਾ ਨੇ ਇਸ ਗ੍ਰੰਥ ਦੀ ਸਾਜਨਾ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੋਖਾ 'ਸਹਜ' ਇਹ ਵੀ ਹੈ ਕਿ ਇਸ ਵਿੱਚ ਭਗਤੀ, ਗਿਆਨ ਤੇ ਕਰਮ ਤਿੰਨੋ ਹੀ ਮੌਜੂਦ ਹਨ ਪਰ ਇੱਕ-ਪਖਤਾ ਕਿਧਰੇ ਨਹੀਂ ਹੈ। ਹਰ ਰਚਨਾ ਵਿੱਚ ਮੁੱਖ ਚੀਜ਼ 'ਪ੍ਰੇਮ' ਜਾਂ 'ਭਗਤੀ' ਹੈ, ਪਰ ਪਰਮਾਤਮਾ ਦਾ ਪ੍ਰੇਮ ਉਸਦੇ ਸਰੂਪ ਦੀ ਲਖਤਾ ਹੋਣ ਕਰਕੇ ਹੀ ਉਪਜਦਾ ਹੈ- ਇਹ ਗਿਆਨ ਹੈ ਅਤੇ 'ਪ੍ਰੇਮ' ਕਰਨ ਦੇ ਬਾਹਰਲੇ ਕਰਮ-ਰੂਪ ਸਾਧਨ ਵੀ ਹਨ ਅਤੇ ਪ੍ਰੇਮ-ਜ਼ਾਮਨੀ ਵਿੱਚ ਸਹਾਇਕ ਹਨ। ਸੋ ਇਹ ਤਿੰਨੇ ਮਾਰਗ ਹਰ ਰਚਨਾ ਵਿੱਚ ਅਡੋਲ ਸਹਜ ਦੁਆਰਾ ਸਮਿਲਤ ਹਨ, ਨਾ ਕਿ ਇਹਨਾਂ ਵਿੱਚ ਕੋਈ ਖਿਚਾਖਿਚੀ ਤੇ ਝਗੜਾ ਹੈ। ਜਿਸ ਤਰ੍ਹਾਂ 'ਬ੍ਰਹਮ' ਦੇ 'ਅਨੇਕ ਵੇਸ' ਹਨ ਤਿਵੇਂ ਹੀ ਬ੍ਰਹਮ ਨੂੰ 'ਪ੍ਰੇਮ' ਕਰਨ ਦੇ ਵੀ 'ਅਨੇਕ ਵੇਸ' ਹਨ ਨੌਧਾ ਭਗਤੀ ਪਰਵਾਨ ਹੈ ਤੇ ਅੰਦਰਲੀ ਪ੍ਰੇਮਾ ਭਗਤੀ, ਸਿਮਰਨ ਭਗਤੀ ਵੀ ਪਰਵਾਨ ਹੈ। ਭਗਤੀ ਦਾ ਸਾਧਨ ਪ੍ਰੇਮ ਹੈ, ਗਿਆਨ ਦਾ ਸਰੂਪ 'ਅਦ੍ਵੈਤ' ਜਾਂ ਇਕ-ਓਅੰਕਾਰ ਹੈ ਅਤੇ 'ਕਰਮ' ਦਾ ਸਰੂਪ ਸਿਮਰਨ, ਸੇਵਾ, ਕੀਰਤਨ ਤੇ ਅਰਦਾਸ ਹਨ।

ਇਹ 'ਜੋਗ' ਦਾ ਗ੍ਰੰਥ ਵੀ ਹੈ-ਪਰ ਇਸ ਵਿੱਚ 'ਜੋਗ' ਦਾ ਆਪਣਾ ਹੀ ਸਰੂਪ ਦਿੱਤਾ ਹੈ ਜੋ ਵਿਸ਼ੇਸ਼ ਕਰਕੇ ਸਦਾਚਾਰਕ ਤੇ ਆਤਮਕ ਗੁਣਾਂ ਦੀ ਵਿਸ਼ੇਸ਼ਤਾ ਦਾ ਧਾਰਨੀ ਹੈ। ਇਸ ਗ੍ਰੰਥ ਵਿੱਚ ਸੱਚੇ ਤੇ ਸੁੱਚੇ 'ਬ੍ਰਹਮਣ' ਦਾ ਰੂਪ ਵੀ ਦੇ ਦਿੱਤਾ ਹੈ ਅਤੇ ਉਹ ਵੀ ਸਦਾਚਾਰਕ ਤੇ ਆਤਮਕ ਗੁਣਾਂ ਦਾ ਧਾਰਨੀ ਹੈ। ਇਸ ਵਿੱਚ ਜੰਗਮ, ਸੰਨਿਆਸੀ, ਸਰੇਵੜੇ, ਭਗਉਤੀ, ਅਪਰਸ ਦੇ ਸਰੂਪ ਵੀ ਦਿੜ੍ਹਾਏ ਹਨ- ਉਹ ਵੀ ਸਦਾਚਾਰਕ ਤੇ ਆਤਮਕ ਹਨ, ਸ੍ਰੇਸ਼ਟ ਮੁਸਲਮਾਨ ਦਾ ਸਰੂਪ ਵੀ ਜੋਗੀ ਵਰਗਾ ਹੀ ਦਰਸਾਇਆ ਹੈ। ਸਾਰੇ ਮਾਰਗਾਂ ਨੂੰ ਇੱਕੋ ਸੇਧ ਵਲ ਤੁਰਨਾ ਪਏਗਾ। ਇਹ ਵੀ ਸਹਜ ਹੈ ਇਸ ਮਹਾਨ ਪੁਸਤਕ ਦਾ, ਇਸ ਦਾ ਜੋਗ 'ਰਾਜ-ਜੋਗ' ਹੈ, 'ਹਠ-ਜੋਗ' ਨਹੀਂ ਹੈ। ਇਸ ਦਾ ਪੰਡਤ ਪ੍ਰੇਮ ਦਾ ਪੁਤਲਾ ਹੈ, ਕਰਮ ਕਾਂਡ ਵਿੱਚ ਗ੍ਰਸਿਆ ਨਹੀਂ ਹੈ।

'ਵੇਦ' ਨੂੰ ਸ਼ਾਸਤ੍ਰ-ਬਧ ਕਰਨ ਵਾਲੇ ਵਿਦਵਾਨਾਂ ਦਾ ਹਾਲ ਤੇ ਇਹ ਸੀ :

*ਮਾਂਦਲੁ ਬੇਦਿ ਸਿ ਬਾਜਣੋ, ਘਣੋ ਧੜੀਐ ਜੋਇ॥*

(ਵਾਰ ਮਾਰੂ, ਮ: 1, 1091)

ਪਰ ਤਦ ਵੀ ਗੁਰੂ ਸਾਹਿਬ ਖੋਜ ਨੂੰ ਨਿੰਦਦੇ ਨਹੀਂ, ਸਗੋਂ ਕਹਿੰਦੇ ਹਨ ਕਿ

*'ਖੋਜੀ ਉਪਜੈ'*

ਪਰ ਨਾਲ ਹੀ ਦਸਦੇ ਹਨ-

*'ਬਾਦੀ ਬਿਨਸੈ'* (ਮ: 1, 1255)

ਇਹਨਾਂ ਤੁਕਾਂ ਤੋਂ ਇਹ ਪਤਾ ਲਗਦਾ ਹੈ ਕਿ ਆਮ ਕਰਕੇ ਵੇਦ ਨੂੰ ਸ਼ਾਸਤ੍ਰ-ਬਧ ਕਰਨ ਵਾਲੇ ਕੋਈ ਵਿਚਾਰਧਾਰਾ ਪਹਿਲਾਂ ਅਪਨਾ ਲੈਂਦੇ ਹਨ ਅਤੇ ਫਿਰ ਉਸਦੀ ਪੁਸ਼ਟੀ ਲਈ ਵੇਦ ਵਿੱਚੋਂ ਤੁਕਾਂ ਲੱਭ ਲੈਂਦੇ ਹਨ ਜਾਂ ਤੁਕਾਂ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ ਕਿ ਉਹਨਾਂ ਦੇ ਸਿਧਾਂਤ ਦੀ ਪੁਸ਼ਟੀ ਹੋਵੇ। ਪਰ ਸੱਚੀ ਖੋਜ ਨਿੰਦਨੀ ਨਹੀਂ ਹੈ। ਖੋਜ ਕਿਸੇ ਨਾਲ ਬਾਦ-ਬਿਬਾਦ ਜਾਂ ਝਗੜਾ ਖੜਾ ਕਰਨ ਲਈ ਨਹੀਂ, ਸਗੋਂ ਆਪਣੇ ਉਧਾਰ ਲਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਪਣੀ ਨਿਸਚਿਤ ਵਿਚਾਰਧਾਰਾ ਅਵਸ਼ ਹੈ ਜਿਸ ਦੀਆਂ ਜੜ੍ਹਾਂ ਭਾਰਤੀ ਦਰਸ਼ਨ ਵਿੱਚ ਹਨ। ਭਾਵੇਂ ਇਤਨਾ ਬਲ ਇਹ ਫਲਸਫਿਆਂ ਦੇ ਪ੍ਰਬੰਧ ਤੇ ਨਹੀਂ ਦਿੰਦਾ ਜਿੰਨਾ ਪ੍ਰੇਮ ਭਗਤੀ ਤੇ ਦਿੰਦਾ ਹੈ :-

*ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ,*

*ਫਿਰਹਿ ਜਿਉ ਬੇਤਾਲਿਆ॥* (ਅਨੰਦੁ)

*'ਮਾਂਦਲ ਬੇਦਿ ਸਿ ਬਾਜਵੈ, ਘਣੋ ਧੜੀਐ ਜੋਇ*

*ਨਾਨਕ ਨਾਮੁ ਸਮਾਲਿ ਤੂ, ਬੀਜਉ ਅਵਰੁ ਨ ਕੋਇ'*

(ਵਾਰ ਮਾਰੂ, ਮ: 1, ਪੰ: 1091)

ਸੰਖੇਪ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਸੇਧ ਨੂੰ ਅਸੀਂ ਲੱਭਣ ਦਾ ਜਤਨ ਕਰਦੇ ਹਾਂ। ਬ੍ਰਹਮ, ਜੀਵ, ਪ੍ਰਕ੍ਰਿਤੀ, ਨਾਮ, ਗੁਰੂ, ਮਨ, ਸਦਾਚਾਰ ਤੇ ਸਮਾਜ ਬਾਰੇ ਉਭਰੇ ਹੋਏ ਵਿਚਾਰ ਲੱਭਣ ਦਾ ਜਤਨ ਕਰਦੇ ਹਾਂ ਜੋ ਸਾਰਿਆਂ ਭਗਤਾਂ, ਗੁਰੂਆਂ ਤੇ ਹੋਰ ਸੰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਬਾਣੀ ਵਿੱਚ ਦਿੱਤੇ ਹਨ। ਇਹ ਵਿਚਾਰ ਸਭ ਨੇ ਦਿੱਤੇ ਹਨ, ਇਸ ਲਈ ਪੁਸਤਕ ਦੇ ਅੰਦਰ ਹਰ ਇੱਕ ਕਵੀ ਦੀ ਸਮਾਲੋਚਨਾ ਦਿੰਦਿਆਂ ਇਹਨਾਂ ਵਿਚਾਰਾਂ ਨੂੰ ਮੁੜ ਮੁੜ ਦੁਹਰਾਇਆ ਨਹੀਂ, ਪਰ ਉਹਨਾਂ ਦੀ ਰਚਨਾ ਦੇ ਸਰਵੇਖਣ ਵਿੱਚ ਆਪਣੇ ਆਪ ਹੀ ਇਹ ਵਿਚਾਰ ਦੁਹਰਾਏ ਗਏ ਹਨ। ☬

---

ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ' ਵਿੱਚੋਂ ਧੰਨਵਾਦ ਸਹਿਤ

Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

THE AROMA
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com

Premium Event Centre
Millennium Centre
Deliberations
Abhinandan
Exporama
Mind Set
Phulkari
Art Craft

*Metres and metres of endless possibilities*

## Rules for being Human

You will receive a body. You may like it or hate it, but it will be yours for the entire period of this time around.

You will learn lessons. You are enrolled in a full-time informal school called Life. Each day in this school you will have the opportunity to learn lessons. You may like the lessons or think them irrelevant and stupid.

There are no mistakes, only lessons. Growth is a process of trial and error. Experimentation. The "failed" Experiments are as much a part of the process as the experiment that ultimately "works".

A lesson is repeated until learned. A lesson will be presented to you in various forms until you have learned it. When you have learned it, you can them go on to the next lesson.

Learning lessons does not end. There is no part of life that does not contain its lessons. If you are alive, there are lessons to be learned.

Others are merely mirrors of you. You cannot love or hate something about another person unless it reflects something you love or hate about yourself.

What you make of your life is up to you. You have all the tools and resources you need. What you do with them is up to you. The choice is yours.

Your answers lie inside you. The answers to Life's questions lie inside you. All you need to do is look, listen and trust.

*With best compliments from a wellwisher*

# ਗੁਰਬਾਣੀ ਨਾਲ ਜੁੜੀਏ


**ਭਗਵੰਤ ਸਿੰਘ ਦਲਾਵਰੀ**

Tapovan, Amravati - 444 602 (Maharashtra)


ਇੰਜ ਪ੍ਰਤੀਤ ਹੁੰਦਾ ਹੈ ਕਿ ਆਪਣੀ ਮੌਤ ਦਾ ਅਸੀਂ ਖੁਦ ਇੰਤਜ਼ਾਮ ਕਰ ਰਹੇ ਹਾਂ। ਹਰ ਉਹ ਸ਼ਖਸ ਜੋ ਸਿੱਖੀ ਦੇ ਪੁਨਰ-ਉਧਾਰ ਤੇ ਸਿੱਖੀ ਲਈ ਤਾਕਤ ਦਾ ਸੋਮਾ ਹੋ ਸਕਦਾ ਹੈ, ਆਪ ਹੀ ਵਿਵਾਦ ਦੇ ਘੇਰੇ ਵਿੱਚ ਫਸ ਗਿਆ ਹੈ। ਸਭ ਤੋਂ ਭੈੜੀ ਗੱਲ ਇਹ ਹੈ ਕਿ ਸਿੱਖਾਂ ਨੂੰ ਲੀਡਰਸ਼ਿਪ ਪ੍ਰਦਾਨ ਕਰਨ ਦਾ ਦਮ ਭਰਨ ਵਾਲੇ ਆਪ ਅਤਿ ਘਟੀਆ ਕੰਮਾਂ ਵਿੱਚ ਉਲਝੇ ਹੋਏ ਹਨ। ਸਿੱਖੀ ਦੇ ਮੁਢਲੇ ਅਸੂਲ ਹਨ 24 ਘੰਟੇ ਨਿਰੰਤਰ ਪ੍ਰਭੂ ਦੀ ਯਾਦ, ਮਨੁੱਖਤਾ ਦੀ ਸੇਵਾ, ਨਿਮਰਤਾ, ਨਿਸੁਆਰਥ ਹੋਣਾ, ਆਪਾ ਵਾਰਨਾ, ਸਰਬੱਤ ਦੇ ਭਲੇ ਦੀ ਤੜਪ, ਸਾਰੇ ਧਰਮਾਂ ਲਈ ਸਤਿਕਾਰ, ਪੂਰਨ ਸਾਂਝੀਵਾਲਤਾ, ਸਾਰੀ ਮਨੁੱਖਤਾ (ਔਰਤਾਂ ਸਮੇਤ) ਲਈ ਇੱਕੋ ਜਿਹਾ ਆਦਰ, ਜਾਤ-ਪਾਤ ਰਹਿਤ ਸਮਾਜ, ਈਮਾਨਦਾਰੀ ਤੇ ਸੁਚੱਤਾ ਹਰ ਹਾਲ ਵਿੱਚ। ਇਹ ਜਗ ਜਾਹਿਰ ਹੈ ਕਿ ਸਿੱਖਾਂ ਦੀਆਂ ਸਭ ਤੋਂ ਵੱਡੀਆਂ ਦੋ ਸੰਸਥਾਵਾਂ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਤੇ ਇਹਨਾਂ ਦੇ ਮੁਖੀ ਕਹਾਣ ਵਾਲਿਆਂ ਨੇ ਉਹ ਸਭ ਕੁਛ ਕੀਤਾ ਹੈ ਜੋ ਸਿੱਖੀ ਦੇ ਪੂਰੀ ਤਰ੍ਹਾਂ ਉਲਟ ਹੈ। ਇਸ ਦੁਖਾਂਤ ਨੂੰ ਸਾਰੇ ਜਥੇਦਾਰਾਂ ਜੋ ਸਾਡੇ ਲੀਡਰਾਂ ਵਲੋਂ ਕੀਤੇ ਜਾ ਰੀਦੇ ਡਰਾਮੇ ਵਿੱਚ ਰੌਸ਼ਨ-ਮੁਨਾਰਾ ਬਣ ਸਕਦੇ ਸਨ ਦੀਆਂ ਅਣਸਿੱਖੀ ਕਾਰਵਾਈਆਂ ਨੇ ਹੋਰ ਦੁਖੀ ਕੀਤਾ ਹੈ। ਸਾਡੀ ਗਿਰਾਵਟ ਲਈ ਸ਼ਾਇਦ ਇਤਨਾ ਕਾਫੀ ਨਹੀਂ ਸੀ, ਸਾਡੇ ਅਖੌਤੀ ਵਿਦਵਾਨ, ਉੱਚੀਆਂ ਪਦਵੀਆਂ ਤੇ ਬੈਠੇ ਸਿੱਖ, opinion ਬਨਾਣ ਵਾਲੇ, ਸੰਪਾਦਕ ਜਨ, ਵਕੀਲ, ਜੱਜ ਤੇ ਹੋਰ ਸਨਮਾਨਿਤ ਲੋਕ, ਸਾਡੀ ਗਿਰਾਵਟ ਤੇ ਚੀਕਾਂ ਤਾਂ ਮਾਰਦੇ ਹਨ, ਪਰ ਆਪ ਨੂੰ ਛੱਡ ਹੋਰ ਸਾਰਿਆਂ ਨੂੰ ਇਸਦਾ ਦੋਸ਼ੀ ਕਰਾਰ ਦੇਂਦੇ ਹਨ। ਹਾਲ ਇਹ ਹੈ ਕਿ ਕਿਸੇ ਨੇ ਵੀ ਮੁੜ ਕਹਿੰਦਾ ਹਾਂ ਕਿਸੇ ਨੇ ਵੀ ਪੂਰੀ ਸਚਾਈ ਤੇ ਦ੍ਰਿੜਤਾ ਨਾਲ ਗਿਰਾਵਟ ਦੇ ਮੂਲ ਕਾਰਣ ਤੇ ਜ਼ੋਰ ਨਹੀਂ ਦਿੱਤਾ ਤੇ ਉਹ ਕਾਰਣ ਹੈ ਗੁਰਬਾਣੀ ਤੋਂ ਟੁਟਣਾ।

ਸ੍ਰ. ਭਗਵੰਤ ਸਿੰਘ ਦਲਾਵਰੀ ਦਾ ਜਨਮ ਪਿਤਾ ਸ੍ਰ. ਰਵੇਲ ਸਿੰਘ ਅਤੇ ਮਾਤਾ ਬੀਬੀ ਮੀਰਾਂਵਾਲੀ ਦੇ ਘਰ ਜ਼ੇਲਮ (ਪਾਕਿਸਤਾਨ) ਵਿਖੇ 11 ਨਵੰਬਰ, 1930 ਨੂੰ ਹੋਇਆ। B. A. ਕਰਨ ਤੋਂ ਬਾਅਦ, IFS (B) ਦੀ ਨੌਕਰੀ ਤੋਂ 48 ਸਾਲ ਦੀ ਉਮਰ ਵਿੱਚ Voluntary retirement ਲੈ ਕੇ ਪਿਛਲੇ 20 ਸਾਲਾਂ ਤੋਂ ਅਮਰਾਵਤੀ ਵਿਖੇ ਤਪੋਵਨ ਕੁਸ਼ਠ ਆਸ਼ਰਮ ਵਿਖੇ ਕੁਸ਼ਟ ਰੋਗੀਆਂ ਦੀ ਸੇਵਾ ਕਰ ਰਹੇ ਹਨ।

ਪ੍ਰਕਾਸ਼ਿਤ ਪੁਸਤਕਾਂ - "In The Footsteps of The Master (English)" ਅਤੇ "ਸਚਹੁ ਉਰੈ ਸਭੁ ਕੋ ਊਪਰਿ ਸਚੁ ਅਚਾਰੁ"

ਰੋਜ਼ ਅੰਮ੍ਰਿਤ ਵੇਲੇ ਜਦੋਂ 4 ਵਜੇ ਮੈਂ ਗ੍ਰੰਥ ਸਾਹਿਬ ਦੇ ਚਰਣਾਂ ਵਿੱਚ ਬੈਠਦਾ ਹਾਂ ਤਾਂ 1984 ਵਿੱਚ 'ਵਿਨਾਸ਼ ਕਾਲੇ ਵਿਪਰੀਤ ਬੁਧੀ' ਦੇ ਪ੍ਰਤੀਕ ਹਰਿਮੰਦਰ ਸਾਹਿਬ ਤੇ ਕੀਤੇ ਅਤਿ ਘਿਨੌਣੇ ਹਮਲੇ ਦੇ ਬਾਵਜੂਦ ਇੱਕ ਗੱਲ ਲਈ ਇੰਦਰਾ ਗਾਂਧੀ ਦਾ ਧੰਨਵਾਦ ਕਰਦਾ ਹਾਂ ਕਿ ਉਸ ਹਰਿਮੰਦਰ ਸਾਹਿਬ ਤੋਂ ਅੰਮ੍ਰਿਤ ਵੇਲੇ ਕੀਰਤਨ ਰਿਲੇ ਸ਼ੁਰੂ ਕਰਵਾਇਆ ਜਲੰਧਰ ਰੇਡੀਓ ਸਟੇਸ਼ਨ ਰਾਹੀਂ। ਕਹਿੰਦੇ ਹਨ, ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦੇ ਤੁਰੰਤ ਬਾਅਦ ਇੰਦਰਾ ਗਾਂਧੀ ਆਪਣੀ ਨਾਪਾਕ ਕਰਨੀ ਤੋਂ ਇਤਨਾ ਡਰ ਗਈ ਕਿ ਉਸ ਘਬਰਾ ਕੇ ਕੀਰਤਨ ਰਿਲੇ ਕਰਨ ਦਾ ਆਰਡਰ ਜਾਰੀ ਕਰ ਦਿੱਤਾ ਅਤੇ ਮੈਨੂੰ ਯਾਦ ਹੈ ਕਿ ਰਾਗੀ ਸਿੰਘਾਂ ਨੇ ਉਹ ਸ਼ਬਦ ਪੜ੍ਹੇ ਸਨ ਜੋ ਇਸ ਤਰ੍ਹਾਂ ਦੀ ਕਾਰਵਾਈ ਦੀ ਨਿੰਦਾ ਕਰਦੇ ਸਨ। ਪਰ ਅਜ ਬਲੂਸਟਾਰ ਦੀ 16ਵੀਂ ਵਰ੍ਹੇਗੰਢ ਤੇ ਮੇਰਾ ਦਰਦ ਇਹ ਹੈ ਕਿ ਇਸ ਦਰਦਨਾਕ ਘਟਨਾ ਤੋਂ ਸਬਕ ਲੈ ਕੇ ਆਪਣੇ ਅੰਦਰ ਅਸਾਂ ਉਹ ਤਾਕਤ ਨਹੀਂ ਭਰੀ ਕਿ ਇਸ ਤਰ੍ਹਾਂ ਦੇ ਹਮਲਿਆਂ ਦਾ ਮਜਬੂਤੀ ਨਾਲ ਗੁਰੂ ਦੇ ਹੁਕਮਾਂ ਦੀ ਰੋਸ਼ਨੀ ਅੰਦਰ ਮੁਕਾਬਲਾ ਕਰਨ ਯੋਗ ਹੋ ਜਾਂਦੇ; ਉਲਟਾ ਅਸੀਂ ਨਿੱਜੀ ਖਿਆਲਾਂ, ਸੋਚਾਂ, ਖੁਸ਼ੀਆਂ, ਕੁਰਸੀ, ਪੈਸਾ, ਵਿਖਾਵਾ, ਭ੍ਰਿਸ਼ਟਾਚਾਰ, ਬੇਈਮਾਨੀ ਅੱਗੇ ਘੁਟਨੇ ਟੇਕ ਦਿੱਤੇ ਤੇ ਖੁਦ ਆਪ ਸਿੱਖੀ ਦੇ ਸਭ ਤੋਂ ਵੱਡੇ ਦੁਸ਼ਮਨ ਬਣ ਗਏ ਹਾਂ। ਭਵਿੱਖ ਵਿੱਚ ਇਸ ਤਰ੍ਹਾਂ ਦੇ ਹਮਲੇ ਨਾ ਹੋ ਸਕਣ, ਅਸਾਂ ਇਸ ਦੀ ਕੋਈ ਤਿਆਰੀ ਨਹੀਂ ਕੀਤੀ ਤੇ ਜਾਣ-ਬੁਝ ਕੇ ਸਿੱਖ ਕਿਰਦਾਰ ਦੇ ਹਰ ਪੱਖੋਂ ਸਿੱਖੀ ਤੋਂ ਟੁੱਟ ਗਏ ਹਾਂ।

ਸਾਡੀ ਸੋਚ ਵਿੱਚ ਇੱਕ ਵੱਡੀ ਘਾਟ ਇਹ ਹੈ ਕਿ ਅਸੀਂ ਸਿੱਖੀ ਦੀ ਗਿਰਾਵਟ ਦੇ ਇੱਕੋ ਪਹਿਲੂ-ਕੇਸ, ਦਾਹੜੀ ਕਤਲ ਕਰਨੇ ਨੂੰ ਵੇਖਦੇ ਹਾਂ, ਜਿਸ ਕਰਕੇ ਇਹ ਧਾਰਣਾ ਬਣ ਗਈ ਹੈ ਕਿ ਕੋਈ ਭਾਵੇਂ ਕਿਤਨਾ ਵੀ ਗਿਰਿਆ ਹੋਵੇ, ਜਿਵੇਂ ਕਿ ਸ਼੍ਰੋਮਣੀ ਕਮੇਟੀ, ਅਕਾਲੀ ਦਲ

ਤੇ ਤਖਤਾਂ ਦੇ ਮੁਖੀ, ਜੇ ਕੇਸ, ਦਾਹੜੀ ਸਾਬਤ ਹਨ ਤਾਂ ਉਹ ਸਿੱਖ ਹੈ। ਐਸੇ ਸ਼ਖਸ ਨੇ ਜੇ ਗਾਤਰੇ ਵਾਲੀ ਕਿਰਪਾਨ ਬਾਹਰੋਂ ਪਾਈ ਹੋਵੇ ਤਾਂ ਉਹ ਹੋਰ ਆਕੜ ਕੇ ਆਪਣੀ ਸਿੱਖੀ ਵਿਖਾਂਦਾ ਹੈ। ਹਾਲ ਇਹ ਹੈ ਕਿ ਐਸਾ ਸਿੱਖ ਜੋ ਸ਼ਰਾਬੀ-ਕਬਾਬੀ ਹੈ, ਬੇਈਮਾਨ ਹੈ, ਜਾਤ-ਪਾਤ ਕਰਦਾ ਹੈ, ਔਰਤਾਂ ਨੂੰ ਨੀਵਾਂ ਗਿਣਦਾ ਹੈ, ਭ੍ਰਿਸ਼ਟ ਹੈ, ਤਾਂ ਇਨ੍ਹਾਂ ਗੱਲਾਂ ਨਾਲ ਅਸੀਂ ਕੋਈ ਬਹੁਤਾ ਦੁਖੀ ਨਹੀਂ ਹੁੰਦੇ। ਪਰ ਜੇ ਕੋਈ ਕੇਸ਼ ਕਟਾ ਲਵੇ ਤਾਂ ਅਸੀਂ ਇਕ ਦਮ ਉਸਨੂੰ ਪਤਿਤ ਕਰਾਰ ਦੇਂਦੇ ਹਾਂ। ਇਹੋ ਕਾਰਣ ਹੈ ਕਿ ਸਾਡੀ ਲੀਡਰਸ਼ਿਪ ਕਈ ਦਹਾਕਿਆਂ ਤੋਂ ਸਾਨੂੰ ਬੇਵਕੂਫ ਬਣਾ ਰਹੀ ਹੈ ਤੇ ਅਸੀਂ ਬੇਵਕੂਫ ਬਣੀ ਜਾ ਰਹੇ ਹਾਂ ਕਿਉਂਕਿ ਸਾਡੇ ਕੋਲ ਸਿੱਖੀ ਕਿਰਦਾਰ ਨਹੀਂ। ਗੁਰਦੁਆਰਾ ਸੁਧਾਰ ਲਹਿਰ ਦੇ ਬਾਅਦ ਦੇ ਸਮੇਂ ਵਿੱਚ ਸਿੱਖੀ ਸਿੱਖ ਕਰੈਕਟਰ ਵਿੱਚ ਕੋਈ ਵਾਧਾ ਨਹੀਂ ਹੋਇਆ, ਉਲਟਾ ਭਾਰੀ ਗਿਰਾਵਟ ਆਈ ਹੈ। ਹਾਲਾਂਕਿ ਅਸੀਂ ਮੀਰੀ-ਪੀਰੀ ਵਿਰਸੇ ਦੇ ਵਾਰਿਸ ਹੋਣ ਦਾ ਵਿਖਾਵਾ ਕਰਦੇ ਰਹੇ ਹਾਂ, ਧਰਮ ਤੇ ਰਾਜਨੀਤੀ ਅਲਗ ਨਹੀਂ ਹੋ ਸਕਦੇ ਦਾ ਰੌਲਾ ਪਾਂਦੇ ਰਹੇ ਹਾਂ, ਅਸਾਂ ਖੁਦ ਨੂੰ ਕਾਫੀ ਬਦਨਾਮ ਕਰਾਇਆ ਹੈ। ਰਾਜਨੀਤੀ ਲਈ ਧਰਮ ਦੀ ਦੁਰਵਰਤੋਂ ਕਰ ਕੇ। ਸਾਡੀ ਧਾਰਮਕ ਸੁੱਚਤਾ ਦਾ ਹੁਣ ਤਾਂ ਕੱਖ ਨਹੀਂ ਬਚਿਆ ਕਿਉਂਕਿ ਧਾਰਮਕ ਮਸਲਿਆਂ ਵਿੱਚ ਵੀ ਅਸੀਂ ਭੇਖੀ ਤੇ ਕਰਮਕਾਂਡੀ ਬਣ ਕੇ ਰਹਿ ਗਏ ਹਾਂ।

ਜੋ ਧਾਰਮਕ ਜਾਂ ਰਾਜਨੀਤਿਕ ਕੁਰਸੀਆਂ ਨਾਲ ਚਿਪਕੇ ਹੋਇ ਹਨ ਉਹ ਭੁਲ ਗਏ ਕਿ ਉਨ੍ਹਾਂ ਦੇ ਜੀਵਨ ਦਾ ਮੁਖ ਉਦੇਸ਼ ਸਿੱਖੀ ਅਸੂਲਾਂ ਅਨੁਸਾਰ ਲੋਕਾਂ ਦੀ ਸੇਵਾ ਕਰਨਾ ਸੀ ਆਪਣੇ ਸਿੱਖੀ ਕਿਰਦਾਰ ਦੀ ਸੁੱਚਤਾ ਕਾਇਮ ਰੱਖਦਿਆਂ। ਗੈਰ ਕਨੂੰਨੀ ਤੇ ਅਨੈਤਿਕ ਤਰੀਕਿਆਂ ਨਾਲ ਜਮਾਂ ਕੀਤੇ ਆਪਣੇ ਸੁੱਖਾਂ ਨੂੰ ਛੱਡਣ ਲਈ ਉਹ ਤਿਆਰ ਨਹੀਂ, ਤੇ ਜਥੇਦਾਰ ਸਾਹਿਬਾਨ, ਜੋ ਉਨ੍ਹਾਂ ਨੂੰ ਧਾਰਮਿਕ ਸੇਧ ਦੇ ਸਕਦੇ ਸਨ, ਆਪ ਹੀ ਸਿੱਖੀ ਕਿਰਦਾਰ ਪੱਖੋਂ ਖੋਖਲੇ ਸਾਬਿਤ ਹੋਏ, ਇੱਕ-ਦੂਜੇ ਤੇ ਦੋਸ਼ ਲਾਉਂਦੇ ਖੁਲ੍ਹੇਆਮ। ਇਸ ਤਰ੍ਹਾਂ ਸਾਡੇ ਹਰ ਪਾਸੇ ਖੋਖਲਾਪਨ ਹੈ। ਇਸੇ ਕਾਰਣ, ਹੁਣ ਸਿੱਖ ਲੀਡਰਸ਼ਿਪ ਭ੍ਰਿਸ਼ਟ ਹੈ ਦੁਹਾਂ ਖੇਤਰਾਂ ਵਿੱਚ। ਕਹਿਣ ਨੂੰ ਪੰਜਾਬ ਵਿੱਚ ਸਿੱਖਾਂ ਦੀ ਸਰਕਾਰ ਹੈ, ਪਰ ਪੁਲੀਸ ਰਾਜ ਪਹਿਲਾਂ ਵਾਂਗ ਕਾਇਮ ਹੈ, ਸਾਡੇ ਨੌਜਵਾਨ ਜੇਲਾਂ ਵਿੱਚ ਰੁਲ ਰਹੇ ਹਨ। ਇਸ ਤੋਂ ਇਹ ਸਾਫ ਹੈ ਕਿ ਲੀਡਰਾਂ ਨੂੰ ਸਿਰਫ ਕੁਰਸੀ ਚਾਹੀਦੀ ਹੈ ਇਸ ਲਈ ਭਾਵੇਂ ਪੰਥ, ਭਾਵੇਂ ਸਾਰਾ ਪੰਜਾਬ, ਸਾਰੀ ਪੰਜਾਬੀ ਜਨਤਾ ਤੇ ਸਾਰਾ ਦੇਸ਼ ਪਇਆ ਨੁਕਸਾਨ ਉਠਾਏ। ਵੇਖਣ ਨੂੰ ਭਾਵੇਂ ਸਿੱਖ ਹਨ ਪਰ ਸਿੱਖੀ ਦਾ ਉਨ੍ਹਾਂ ਨੂੰ ਕੁਝ ਨਹੀਂ ਪਤਾ। ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦੇ ਗੁਰੂ ਅਖਵਾਂਦੇ ਹਨ ਤੇ ਹਰਿਮੰਦਰ ਸਾਹਿਬ ਵਿੱਚ ਸ਼ਸੋਭਤ ਹਨ, ਪਰ ਰਾਜਨੀਤਕ ਤੇ ਧਾਰਮਕ ਲੀਡਰਸ਼ਿਪ ਗੁਰੂ ਦੀ ਵਰਤੋਂ ਕੇਵਲ ਧਨ ਇਕੱਠਾ ਕਰਨ, ਚਾਲਾਂ ਚਲਣ ਸਿੱਖਾਂ ਨੂੰ ਬੇਵਕੂਫ ਬਨਾਣ (ਉਨ੍ਹਾਂ ਦੇ ਧਾਰਮਕ ਰੁਝਾਨ ਕਰਕੇ) ਲਈ ਕਰਦੀ ਹੈ ਤੇ ਨਿਜੀ ਸੁਆਰਥ, ਭਾਈ-ਭਤੀਜਾਵਾਦ ਤੇ ਇੱਕ ਦੂਜੇ ਨੂੰ ਨੀਵਾਂ ਵਿਖਾਣ ਲਈ ਸਿੱਖਾਂ ਨੂੰ ਖੂਬ ਵਰਤਦੀ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਸਾਡੇ ਲੀਡਰ ਉੱਕਾ ਹੀ ਭੁੱਲ ਗਏ ਹਨ ਕਿ ਇੱਕ ਦਿਨ ਉਨ੍ਹਾਂ ਮਰ ਵੀ ਜਾਣਾ ਹੈ।

ਸੋਚਿਆ ਸੀ ਕਿ ਇਸ ਨਵੀਂ ਸ਼ਤਾਬਦੀ ਵਿੱਚ ਕੁਝ ਸਮਾਂ ਮੈਂ ਚੁਪ ਰਹਾਂਗਾ। (ਨਾ ਕੁਝ ਲਿਖਾਂਗਾ ਨਾ ਬੋਲਾਂਗਾ) ਕਿ ਕਿਵੇਂ ਅਸਾਂ ਜਾਣ-ਬੁਝ ਕੇ ਸਿੱਖੀ ਨੂੰ ਗੁਮਰਾਹ ਕੀਤਾ ਹੈ ਆਪਣੇ ਆਪ ਨੂੰ ਧੋਖਾ ਦੇ ਕੇ, ਪਰ ਪਿਛਲੇ ਕੁਛ ਹਫਤੇ ਇਤਨੇ ਦੁਖਦਾਈ ਰਹੇ ਕਿ ਮੈਂ ਚੁਪ ਨਾ ਰਹਿ ਸਕਿਆ। ਅਖਬਾਰਾਂ, ਮੈਗਜੀਨਾਂ, ਟ੍ਰੈਕਟਾਂ, ਪੋਸਟਰਾਂ ਵਿੱਚ ਸਾਡੀ ਗਿਰਾਵਟ ਬਾਰੇ, ਤੇ ਮੁੜ ਕਿਵੇਂ ਸਿੱਖੀ ਨੂੰ ਸੁਰਜੀਤ ਕੀਤਾ ਜਾਵੇ, ਬਾਰੇ ਪੜ੍ਹਦਾ ਰਹਿੰਦਾ ਹਾਂ। ਇਨ੍ਹਾਂ ਸਾਰਿਆਂ ਵਿੱਚ ਨਿੱਜੀ ਮਤਿ ਹੈ, ਅਪੀਲ ਹੈ, ਸੁਝਾਅ ਹੈ, ਲੈਕਚਰ ਹੈ, ਪਰ ਇਹ ਸਾਰਾ ਕੁਝ ਬਾਹਰਲੀ ਪਛਾਣ, ਬਾਹਰਲੀ ਤਾਕਤ ਤੇ ਬਾਹਰਲੀ ਤਰੱਕੀ ਤਕ ਹੀ ਸੀਮਤ ਹੈ। ਕੋਈ ਮੈਗਜ਼ੀਨ ਪੜ੍ਹੋ ਇੱਕ ਗਰੁਪ ਦੂਜੇ ਲਈ ਘਿਰਣਾ ਦੀ ਬੋਲੀ ਬੋਲਦਾ, ਹੈ, ਇੱਕ ਪਾਰਟੀ ਦੂਜੀ ਦੇ ਖਿਲਾਫ ਤੇ ਇੱਕ ਜਮਾਤ ਦੂਜੀ ਦੇ ਖਿਲਾਫ ਜ਼ਹਿਰ ਉਗਲਦੀ ਹੈ। ਅਖੌਤੀ ਦਲਿਤ ਵੀ ਜਿਨ੍ਹਾਂ ਨੂੰ ਸਿੱਖੀ ਨੇ ਆਜ਼ਾਦ ਕੀਤਾ ਸੀ ਪਰ ਜਿਨ੍ਹਾਂ ਉੱਚੀ ਜਾਤ ਦੇ ਸਿੱਖਾਂ ਦੇ ਜਾਤ-ਪਾਤ ਵਾਲੇ ਅਣਸਿੱਖੀ ਵਤੀਰੇ ਤੇ ਉਨ੍ਹਾਂ ਵਲੋਂ ਸਵਾਲ ਖੜੇ ਕਰਨਾ ਬਿਲਕੁਲ ਜਾਇਜ ਹੈ। ਇੱਕ ਵਾਰ ਲਿਖਿਆ ਸੀ ਕਿ ਕਿਉਂਕਿ ਅਸੀਂ ਗੁਰਬਾਣੀ ਤੋਂ ਟੁਟ ਗਏ ਹਾਂ ਤੇ ਰੋਜ਼ਾਨਾ ਜਿੰਦਗੀ ਵਿੱਚ ਸਿੱਖੀ ਅਸੂਲ ਲਾਗੂ ਕਰਨਾ ਨਹੀਂ ਚਾਹੁੰਦੇ, ਸੁ ਜੇ ਸਾਡੀ ਅਖਬਾਰ ਹੋ ਵੀ ਗਈ ਤਾਂ ਰੋਜ਼ ਇੱਕ ਗਰੁੱਪ ਦੂਜੇ ਨੂੰ ਭੰਡਿਆ ਕਰੇਗਾ। ਜੇ ਸਾਨੂੰ ਖਾਲਿਸਤਾਨ ਦੇ ਵੀ ਦਿੱਤਾ ਜਾਏ, ਅਸੀਂ ਇੱਕ ਦੂਜੇ ਨਾਲ ਲੜਦੇ ਰਹਾਂਗੇ ਤੇ ਦੂਜਿਆਂ ਲਈ ਮਖੌਲ ਦਾ ਵਿਸ਼ਾ ਬਣਾਂਗੇ ਜਿਵੇਂ ਕਿ ਅੱਜ ਦੀ ਪੰਜਾਬ ਸਰਕਾਰ ਬਣੀ ਹੋਈ ਹੈ।

ਆਪਣੀ ਗਿਰਾਵਟ ਤੇ ਅਸੀਂ ਚੀਕਾਂ ਤਾਂ ਮਾਰ ਰਹੇ

ਹਾਂ ਪਰ ਕੋਈ ਵੀ ਆਪਣੇ ਵਿੱਚੋਂ ਸਿੱਖੀ ਕਿਰਦਾਰ-ਨਾਮ ਸਿਮਰਨ, ਸੇਵਾ, ਅਮਲੀ ਜੀਵਨ- ਦਾ ਨਮੂਨਾ ਪੇਸ਼ ਨਹੀਂ ਕਰਦਾ। ਹਰ ਰੋਜ ਹਰਿਮੰਦਰ ਸਾਹਿਬ ਤੋਂ ਰੇਡਿਓ ਤੇ ਕੀਰਤਨ ਸੁਣ ਕੇ ਮੈਂ ਇਸੇ ਨਤੀਜੇ ਤੇ ਪਹੁੰਚਦਾ ਹਾਂ ਕਿ ਸਾਡੀ ਗਿਰਾਵਟ ਦੇ ਅਸੀਂ ਖੁਦ ਜ਼ਿੰਮੇਵਾਰ ਹਾਂ। ਦੂਜਿਆਂ ਨੇ ਨਿਸ਼ਚਿਤ ਹੀ ਇਸਦਾ ਲਾਭ ਉਠਾਇਆ ਹੈ ਤੇ ਉਠਾਂਦੇ ਰਹਿਣਗੇ ਕਿਉਂਕਿ ਅਸੀਂ ਆਪਣੇ ਅਸੂਲਾਂ ਤੋਂ ਟੁੱਟ ਗਏ ਹਾਂ। ਹੋਰ ਦੁਖਾਂਤ ਇਹ ਹੈ ਕਿ ਅਸੀਂ ਅਪਣੀਆਂ ਭੁੱਲਾਂ ਕਬੂਲਣ ਨੂੰ ਵੀ ਤਿਆਰ ਨਹੀਂ। ਹਰ ਵੇਲੇ ਅਸੀਂ ਇਸੇ ਗੱਲ ਨੂੰ ਪਕੜ ਕੇ ਬੈਠੇ ਰਹਿੰਦੇ ਹਾਂ ਕਿ ਹੋਰਨਾਂ ਨੇ (ਸੱਚ ਜਾਂ ਝੂਠ) ਕੀ ਕੀਤਾ ਹੈ ਸਾਡੇ ਨਾਲ ਤੇ ਆਪਾ ਸੁਧਾਰਨ ਨੂੰ ਤਿਆਰ ਨਹੀਂ। ਅਸੀਂ ਸਰਕਾਰਾਂ ਦੀ ਗੱਲ ਕਰਦੇ ਹਾਂ (ਤੇ ਭੁਲ ਜਾਂਦੇ ਹਾਂ ਕਿ ਸਿੱਖ ਲੀਡਰ ਵੀ ਸਾਨੂੰ ਬੇਵਕੂਫ ਬਣਾਂਦੇ ਹਨ) ਅਸੀਂ ਰਾਜਨੀਤਿਕ ਚਾਲਬਾਜੀਆਂ ਦੀ ਗੱਲ ਕਰਦੇ ਹਾਂ (ਭੁਲ ਜਾਂਦੇ ਹਾਂ ਕਿ ਸਾਡੇ ਆਪਣੇ ਲੀਡਰ ਸਿੱਖ ਵੋਟਰਾਂ ਨੂੰ ਬਰਗਲਾਣ ਲਈ ਸ਼ਰਾਬ, ਪੈਸਾ ਤੇ ਹੋਰ ਹਥਕੰਡੇ ਵਰਤਦੇ ਹਨ ਤੇ, ਸ਼ਰਾਬ ਪੀਣ ਵਾਲਾ ਸਿੱਖ ਜਥੇਬੰਦੀਆਂ ਦਾ ਮੈਂਬਰ ਨਹੀਂ ਬਨਣਾ ਚਾਹੀਦਾ ਇਸ ਧਾਰਾ ਨੂੰ ਬਦਲਣ ਤਕ ਨੂੰ ਤਿਆਰ ਹਨ) ਇਹ ਕਿਹੋ ਜਿਹੀ ਸਿੱਖੀ ਅਸਾਂ ਬਣਾ ਲਈ ਹੈ ਤੇ ਆਉਣ ਵਾਲੀ ਪੀੜੀ ਨੂੰ ਕੀ ਦੇ ਕੇ ਜਾਵਾਂਗੇ? ਕਿੱਥੇ ਗਈਆਂ ਸਾਡੀਆਂ ਸ਼ਹੀਦੀਆਂ, ਸਾਡੇ ਬਲੀਦਾਨ, ਸਾਡੇ ਬਜੁਰਗਾਂ ਉੱਤੇ ਹੋਏ ਜੁਲਮ ਤੇ ਅਤਿਆਚਾਰ? ਕਿੱਥੇ ਗਈ ਉਹ ਕਮਾਲ ਦੀ ਨਿਡਰਤਾ ਤੇ ਜੁਲਮ ਦੀ ਅੱਗ 'ਚੋਂ ਸਾਡੇ ਕਿਰਦਾਰ ਦਾ ਚਮਕਣਾ?

ਜਦੋਂ ਵੀ ਮੈਂ ਆਪਣੀਆਂ ਕਮਜ਼ੋਰੀਆਂ, ਗਲਤੀਆਂ ਤੇ ਜਾਣੇ-ਅਨਜਾਣੇ ਗੁਰੂ ਹੁਕਮਾਂ ਦੀ ਉਲੰਘਣਾ ਕਰਕੇ ਕਿਸੇ ਉਲਝਨ ਵਿੱਚ ਹੁੰਦਾ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸੇਧ ਤੇ ਭਰੋਸਾ ਕਰਦਾ ਹਾਂ ਤੇ ਇਹ ਕਦੇ ਨਹੀਂ ਹੋਇਆ ਕਿ ਗੁਰੂ ਨੇ ਮੈਨੂੰ ਸਿੱਧਾ ਨਾ ਕੀਤਾ ਹੋਵੇ ਸ਼ਜਾ ਦੇ ਕੇ ਜਾਂ ਬਗੈਰ ਸ਼ਜਾ ਦੇ। ਜਦੋਂ ਮੈਨੂੰ ਪ੍ਰਤੀਤ ਹੋਵੇ ਕਿ ਮੈਂ ਕੋਈ ਅਵੱਗਿਆ ਕਰ ਬੈਠਾ ਹਾਂ ਤੇ ਆਪਣੀ ਕਮਜ਼ੋਰੀ ਤੇ ਦੁਖੀ ਹੁੰਦਾ ਹਾਂ, ਉਸੇ ਵੇਲੇ ਪਸ਼ਚਾਤਾਪ ਕਰ ਕੇ ਗੁਰੂ ਅੱਗੇ ਅਰਦਾਸਾਂ ਕਰਦਾ ਹਾਂ ਤੇ ਮੇਰਾ ਗੁਰੂ ਨਿਸ਼ਚਿਤ ਹੀ ਰਾਹੇ ਪਾ ਦੇਂਦਾ ਹੈ। ਮੇਰਾ ਵਿਚਾਰ ਹੈ ਕਿ ਗੁਰਬਾਣੀ ਤੋਂ ਟੁੱਟਣ ਕਰਕੇ ਤੇ ਬਾਹਰਲੇ ਵਿਖਾਵਿਆਂ ਦੁਆਰਾ ਲਫਜੀ ਸੇਵਾ ਪਰ ਗੁਰੂ ਹੁਕਮਾਂ ਤੇ ਨਾ ਚਲਣਾ, ਇਹ ਕਾਰਣ ਹਨ ਕਿ ਨਾ ਕੇਵਲ ਸਾਰਾ ਪੰਥ ਦਲਦਲ ਵਿੱਚ ਫਸ ਗਿਆ ਹੈ ਬਲਕਿ ਸਾਡਾ ਨਿਜੀ ਜੀਵਨ ਵੀ ਚਿੱਕੜ ਵਿੱਚ ਹੈ।

ਗੁਰੂ ਹੁਕਮਾਂ ਤੇ ਜੀਵਨ ਢਾਲੇ ਬਗੈਰ ਹੋਰ ਤਰੀਕਾ ਹੀ ਨਹੀਂ ਕਿ ਅਸੀਂ ਇਸ ਦਲਦਲ 'ਚੋਂ ਨਿਕਲ ਸਹੀ ਰਾਹ ਤੇ ਆ ਸਕੀਏ। ਸਾਡੀ ਖੁਸ਼ਕਿਸਮਤੀ ਕਿ ਸ਼ਬਦ ਸਾਡਾ ਗੁਰੂ ਹੈ ਕੋਈ ਵਿਅਕਤੀ ਨਹੀਂ ਜਿਸ ਤੇ ਕੋਈ ਅਸਰ ਪਾ ਸਕੇ, ਰਿਸ਼ਵਤ ਦੇ ਸਕੇ ਤੇ ਬਾਹਰਲੇ ਰਸੂਖ ਨਾਲ ਉਸਨੂੰ ਖੁਸ਼ ਕਰ ਸਕੇ। ਸਾਡਾ ਗੁਰੂ ਅੰਤਰਜਾਮੀ ਹੈ ਤੇ ਜਦੋਂ ਦਸ ਗੁਰੂ ਸਾਹਿਬਾਨ ਸਰੀਰ ਰੂਪ ਵਿੱਚ ਮੌਜੂਦ ਸਨ ਉਦੋਂ ਵੀ ਉਨ੍ਹਾਂ ਦਾ ਜੋਰ ਸ਼ਬਦ ਤੇ ਹੀ ਸੀ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਵੀ ਇਹ ਵਿਖਾਇਆ ਕਿ ਉਹ ਪੰਜਾਂ ਪਿਆਰਿਆਂ ਦੇ ਰੂਪ ਵਿੱਚ ਖਾਲਸਾ ਪੰਥ ਤੋਂ ਸੇਧ ਲੈਣ ਤੇ ਭੁੱਲ ਬ਼ਖਸ਼ਣ ਨੂੰ ਤਿਆਰ ਸਨ।

ਅੱਜ ਅੰਮ੍ਰਿਤ ਵੇਲੇ ਜੋ ਸ਼ਬਦ ਆਏ ਹਰਿਮੰਦਰ ਸਾਹਿਬ ਤੋਂ ਉਨ੍ਹਾਂ ਮੈਨੂੰ ਪ੍ਰਭਾਵਿਤ ਕੀਤਾ ਹੈ ਮੈਂ ਸੋਚ ਰਿਹਾ ਸਾਂ ਕਿ ਗੁਰਬਾਣੀ ਨਾ ਕੇਵਲ ਸਾਡੀਆਂ ਸਮੱਸਿਆਵਾਂ ਦੀ ਪਛਾਣ ਲਈ ਮਹਾਨ ਸੇਧ ਪ੍ਰਦਾਨ ਕਰਦੀ ਹੈ ਬਲਕਿ ਉਨ੍ਹਾਂ ਦਾ ਇਲਾਜ ਵੀ ਦੱਸਦੀ ਹੈ ਤੇ ਉਸ ਇਲਾਜ ਨੂੰ ਅਸਰਦਾਰ ਤਰੀਕੇ ਨਾਲ ਅਮਲ ਵਿੱਚ ਲਿਆਉਣਾ ਵੀ ਸਿਖਾਂਦੀ ਹੈ ਬਸਰਤੇ ਅਸੀਂ ਮਨ ਕਰਕੇ ਗੁਰੂ ਅੱਗੇ ਢਹਿਣ ਨੂੰ ਤਿਆਰ ਹੋਈਏ। ਆਉ ਜਰਾ ਸ਼ਬਦਾਂ ਨੂੰ ਵੀਚਾਰੀਏ।

ਪਹਿਲਾਂ ਸ਼ਬਦ ਜਿਸਨੇ ਮੈਨੂੰ ਟੁੰਬਿਆ ਤੇ ਜੋ ਸਾਡੀ ਲੀਡਰਸ਼ਿਪ ਨੂੰ ਸੇਧ ਬਖਸ਼ ਸਕਦਾ ਹੈ, ਉਹ ਹੈ ਗੁਰੂ ਅਰਜਨ ਦੇਵ ਜੀ ਦਾ:

*ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ॥*
*ਦਰਸ ਬਿਹੂਨਾ ਸਾਧ ਜਨੁ, ਖਿਨੁ ਟਿਕਣੁ ਨ ਆਵੈ॥*
*ਹਰਿ ਬਿਨੁ ਜੋ ਰਹਣਾ, ਨਰਕੁ ਸੋ ਸਹਣਾ,*
*ਚਰਨ ਕਮਲ ਮਨ ਬੇਧਿਆ॥*
*ਹਰਿ ਰਸਿਕ ਬੈਰਾਗੀ, ਨਾਮਿ ਲਿਵ ਲਾਗੀ,*
*ਕਤਹੁ ਨ ਜਾਇ ਨਿਖੇਧਿਆ॥*
*ਹਰਿ ਸਿਉ ਜਾਇ ਮਿਲਣਾ, ਸਾਧ ਸੰਗਿ ਰਹਣਾ,*
*ਸੋ ਸੁਖੁ ਅੰਕਿ ਨ ਮਾਵੈ॥*
*ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ,*
*ਹਰਿ ਚਰਨਹ ਸੰਗਿ ਸਮਾਵੈ॥*

(ਪੰਨਾ 1122-23)

ਮੈਨੂੰ ਖਿਆਲ ਆਇਆ ਕਿ ਜੇ ਸਾਡੇ ਲੀਡਰ ਸਚਮੁਚ ਗੁਰਬਾਣੀ ਵੱਲ ਧਿਆਨ ਦੇਣ ਤੇ ਇਸਦੇ ਹੁਕਮਾਂ ਤੇ ਚਲਣ ਦਾ ਮਨ ਬਨਾਉਣ ਤਾਂ ਖੁਦ ਹੀ ਉਹਨਾਂ ਨੂੰ

ਆਪਣੀਆਂ ਭੁੱਲਾਂ ਦਾ ਪਤਾ ਚਲੇਗਾ ਤੇ ਫਿਰ ਉਹ ਉਨ੍ਹਾਂ ਨੂੰ ਠੀਕ ਕਰ ਸਕਣਗੇ। ਅੱਜ ਤਾਂ ਉਹ ਸਚਮੁਚ ਮਿਰਤਕ ਸ਼ਰੀਰਾਂ ਵਾਂਗ ਹਨ। ਸਾਡੇ ਗੁਰੂ ਨੇ ਪਹਿਲਾਂ ਹੀ ਫੈਸਲਾ ਦਿੱਤਾ ਹੋਇਆ ਹੈ ਕਿ ਜੋ ਨਾਮ ਨਹੀਂ ਜਪਦੇ ਤੇ ਸਾਡੇ ਲੀਡਰ ਨਿਸ਼ਚਿਤ ਹੀ ਨਾਮ ਨਹੀਂ ਜਪਦੇ, ਕਿਉਂਕਿ ਜੇ ਜਪਦੇ ਹੁੰਦੇ ਤਾਂ ਉਹ ਕੁਝ ਨਾ ਕਰਦੇ ਜੋ ਕਰ ਰਹੇ ਹਨ- ਉਹ ਮਰੇ ਹੋਏ ਹਨ:

*"ਮਤ ਤੁਮ ਜਾਣਹੁ ਉਹ ਜੀਵਦੇ*
*ਉਹ ਆਪਿ ਮਾਰੇ ਕਰਤਾਰ"*

ਮੈਂ ਕਈ ਵਾਰ ਸੋਚਦਾ ਹਾਂ ਕਿ ਕੀ ਸਾਡੇ ਜਥੇਦਾਰ ਗੁਰਬਾਣੀ ਤੋਂ ਵਾਕਿਫ ਹਨ, ਕਿ ਉਹ ਇਸ ਤੋਂ ਕੁਝ ਸਿਖਦੇ ਹਨ ਤੇ ਕੋਸ਼ਿਸ਼ ਕਰਦੇ ਹਨ ਜਿੰਦਗੀ ਵਿੱਚ ਅਮਲ ਕਰਨ ਦੀ? ਜੇ ਕਰਦੇ ਹੁੰਦੇ ਤਾਂ ਉਹ ਇੱਕ ਦੂਜੇ ਨੂੰ ਅਖਬਾਰਾਂ ਰਾਹੀਂ ਨਾ ਭੰਡਦੇ ਤੇ ਅਹਿਸਾਸ ਕਰਾਏ ਜਾਣ ਤੇ ਖੁਸ਼ ਹੁੰਦੇ ਤੇ ਇਹ ਪਤਾ ਲਗਣ ਤੇ ਕਿ ਉਹ ਆਪਣੀ ਜ਼ਿੰਮੇਵਾਰੀ ਨਿਭਾਣ ਯੋਗ ਨਹੀਂ ਤਾਂ ਖੁਦ ਅਸਤੀਫਾ ਦੇਂਦੇ। ਰਾਜਨੀਤਿਕ ਲੀਡਰਾਂ ਦੀ ਗੱਲ ਮੰਨਣ ਜਾਂ ਨਾ ਮੰਨਣ ਲਈ ਉਹ ਆਪਣੀ ਧਾਰਮਕ ਹਸਤੀ ਦੀ ਦੁਰਵਰਤੋਂ ਨਾ ਕਰਦੇ। ਉਨ੍ਹਾਂ ਦਾ ਮਾਲਕ ਸਿਰਫ ਇੱਕ ਹੁੰਦਾ ਗੁਰੂ ਗ੍ਰੰਥ ਸਾਹਿਬ ਤੇ ਜੀਵਨ ਦਾ ਇੱਕੋ ਢੰਗ ਹੁੰਦਾ ਸੱਚ, ਪਿਆਰ ਤੇ ਸੁੱਚਤਾ।

ਜੇ ਅਸੀਂ ਉਪਰਲੇ ਸ਼ਬਦ ਨੂੰ ਵਿਚਾਰੀਏ ਤਾਂ ਇਸ ਨਤੀਜੇ ਤੇ ਪਹੁੰਚਾਂਗੇ ਕਿ ਜੋ ਕੋਈ ਵੀ ਆਪਣੀ ਗਿਰਾਵਟ ਪਛਾਣ ਲੈਂਦਾ ਹੈ ਉਹ ਪ੍ਰਭੂ ਅੱਗੇ ਢਹਿ ਕੇ ਅਰਦਾਸਾਂ ਕਰਦਾ ਹੈ ਬਖਸ਼ੇ ਜਾਣ ਦੀਆਂ, ਪਸ਼ਚਾਤਾਪ ਕਰਦਾ ਹੈ ਆਪਣੀਆਂ ਭੁੱਲਾਂ ਦਾ ਤੇ ਐਸਾ ਕਰ ਕੇ ਉਸਨੂੰ ਸਾਂਤੀ ਤੇ ਅਨੰਦ ਪ੍ਰਾਪਤ ਹੁੰਦਾ ਹੈ। ਪਰ ਇੰਜ ਜਾਪਦਾ ਹੈ ਕਿ ਸਾਡੇ ਲੀਡਰਾਂ ਨੂੰ ਸ਼ਾਂਤੀ ਤੇ ਅਨੰਦ ਦਾ ਕੋਈ ਸ਼ੌਕ ਹੀ ਨਹੀਂ। ਉਹ ਤਾਂ ਆਨੰਦਿਤ ਹਨ ਰਿਸ਼ਵਤਖੋਰੀ ਵਿੱਚ, ਭਾਈ-ਭਤੀਜਾਵਾਦ ਵਿੱਚ, ਆਪਣਿਆਂ ਦੀ ਮਦਦ ਕਰਨ ਵਿੱਚ ਤੇ ਇਸ ਕਾਰਣ ਲੋੜ ਪੈਣ ਤੇ ਸਭ ਤੋਂ ਵਧ ਬੋਲੀ ਦੇਣ ਵਾਲੇ ਅੱਗੇ ਵਿਕਣ ਨੂੰ ਤਿਆਰ ਹਨ। ਅਸੀਂ ਸਾਰੇ ਕਮਜ਼ੋਰ ਹਾਂ ਤੇ ਇਹ ਠੀਕ ਹੈ ਕਿ ਉਹ ਗਿਰ ਗਏ ਹਨ, ਪਰ ਜੇ ਸੁਧਰਨਾ ਚਾਹੁਣ ਤਾਂ ਗੁਰਬਾਣੀ ਤੋਂ ਸੇਧ ਮੰਗਣ ਜੈਸਾ ਕਬੀਰ ਜੀ ਦੇ ਇਸ ਸ਼ਬਦ (ਜੋ ਹਰਿਮੰਦਰ ਸਾਹਿਬ ਤੋਂ ਆਇਆ) ਵਿੱਚ ਤਰਲਾ ਹੈ।

*ਗੋਬਿੰਦ ਹਮ ਐਸੇ ਅਪਰਾਧੀ* (ਪੰਨਾ 970-71)

ਪੂਰਾ ਸ਼ਬਦ ਇਸ ਪ੍ਰਕਾਰ ਹੈ:

*ਕਵਨ ਕਾਜ ਸਿਰਜੇ ਜਗ ਭੀਤਰਿ,*
*ਜਨਮਿ ਕਵਨ ਫਲੁ ਪਾਇਆ॥*
*ਭਵਨਿਧਿ ਤਰਨ ਤਾਰਨ ਚਿੰਤਾਮਨਿ*
*ਇਕ ਨਿਮਖ ਨ ਇਹੁ ਮਨੁ ਲਾਇਆ॥੧॥*
*ਗੋਬਿੰਦ ਹਮ ਐਸੇ ਅਪਰਾਧੀ॥*
*ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ,*
*ਤਿਸ ਕੀ ਭਾਉ ਭਗਤਿ ਨਹੀ ਸਾਧੀ॥ ਰਹਾਉ॥੧॥*
*ਪਰਧਨ ਪਰਤਨ ਪਰਤੀ ਨਿੰਦਾ ਪਰਅਪਬਾਦੁ ਨ ਛੂਟੈ॥*
*ਆਵਾ ਗਵਨੁ ਹੋਤੁ ਹੈ ਫੁਨਿ ਫੁਨਿ*
*ਇਹੁ ਪਰਸੰਗੁ ਨ ਤੂਟੈ॥੨॥*
*ਜਿਹ ਘਰਿ ਕਥਾ ਹੋਤ ਹਰਿ ਸੰਤਨ*
*ਇਕ ਨਿਮਖ ਨ ਕੀਨੋ ਮੈ ਫੇਰਾ॥*
*ਲੰਪਟ ਚੋਰ ਦੂਤ ਮਤਵਾਰੇ*
*ਤਿਨ ਸੰਗਿ ਸਦਾ ਬਸੇਰਾ॥੩॥*
*ਕਾਮ ਕ੍ਰੋਧ ਮਾਇਆ ਮਦ ਮਤਸਰ*
*ਏ ਸੰਪੈ ਮੋ ਮਾਹੀ।*
*ਦਇਆ ਧਰਮੁ ਅਰੁ ਗੁਰ ਕੀ ਸੇਵਾ*
*ਏ ਸੁਪਨੰਤਰਿ ਨਾਹੀ॥੪॥*
*ਦੀਨ ਦਇਆਲ ਕ੍ਰਿਪਾਲ ਦਮੋਦਰ*
*ਭਗਤਿ ਬਛਲ ਭੈਹਾਰੀ॥*
*ਕਹਤ ਕਬੀਰ ਭੀਰ ਜਨ ਰਾਖਹੁ*
*ਹਰਿ ਸੇਵਾ ਕਰਉ ਤੁਮਾਰੀ॥*

ਅਸੀਂ ਸਾਰੇ ਪੰਜਾਂ ਚੋਰਾਂ ਦਾ ਸ਼ਿਕਾਰ ਹਾਂ। ਬਾਈਬਲ ਵਿੱਚ ਕਹਿੰਦੇ ਹਨ ਲਿਖਿਆ ਹੈ ਕਿ ਸ਼ੈਤਾਨ ਹਰ ਵੇਲੇ ਸ਼ਿਕਾਰ ਤੇ ਝਪਟਾ ਮਾਰਨ ਲਈ ਤਿਆਰ ਹੁੰਦਾ ਹੈ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਅਰਦਾਸ ਕਰਦੇ ਹਨ :

*ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥*
(ਪੰਨਾ 205-6)

ਇਹ ਸਾਰਾ ਸ਼ਬਦ ਸਾਡੇ ਜੀਵਨ ਦਾ ਚਿਤ੍ਰਣ ਹੈ, ਖਾਸ ਕਰਕੇ ਸਾਡੇ ਲੀਡਰਾਂ ਦਾ। ਪਰ ਜੇ ਲੀਡਰ ਗੁਰਬਾਣੀ ਵਲ ਧਿਆਨ ਦੇਣ, ਸੁਣਨ ਤੇ ਅਮਲ ਕਰਨ ਤਾਂ ਉਹ ਚੰਗੇ ਸਿੱਖ ਬਣ ਸਕਦੇ ਹਨ ਤੇ ਚੰਗਾ ਸਿੱਖ ਹੀ ਚੰਗਾ ਲੀਡਰ ਹੋ ਸਕਦਾ ਹੈ।

ਮੇਰਾ ਦਰਦ ਇਹ ਹੈ ਕਿ ਸਾਡੇ ਵਿਦਵਾਨ ਅਤੇ ਹੋਰ ਪੜ੍ਹੇ ਲਿਖੇ ਲੋਕ ਵੀ ਮੈਗਜ਼ੀਨਾਂ, ਸੈਮੀਨਾਰਾਂ, ਲੈਕਚਰਾਂ ਵਿੱਚ ਕੇਵਲ ਬਾਹਰਲੀ ਪਛਾਣ ਦੀ ਗੱਲ ਕਰਦੇ ਹਨ ਤੇ ਗੁਰਬਾਣੀ ਦਾ ਆਧਾਰ ਨਹੀਂ ਲੈਂਦੇ। ਜੇ ਅੰਮ੍ਰਿਤ ਵੇਲੇ

ਦੀ ਗੱਲ ਕੀਤੀ ਜਾਂਦੀ ਹੈ, ਦਸਵੰਧ ਤੇ ਜ਼ੋਰ ਪਾਇਆ ਜਾਂਦਾ ਹੈ ਤਾਂ ਉਹ ਸੋਚਦੇ ਹਨ ਕਿ ਵਕਤਾ ਪਾਗਲ ਹੈ ਤੇ ਉਸਨੂੰ ਸ਼ੋਰ ਪਾ ਕੇ ਤੇ ਧੱਕੇ ਨਾਲ ਚੁੱਪ ਕਰਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿਉਂਕਿ ਉਨ੍ਹਾਂ ਲਈ ਬਾਹਰਲੀ ਪਛਾਣ ਹੀ ਕਾਫੀ ਹੈ, ਅਮਲੀ ਜੀਵਨ ਦੀ ਉਹ ਲੋੜ ਨਹੀਂ ਸਮਝਦੇ। ਇਸ ਤਰ੍ਹਾਂ ਗੁਰਬਾਣੀ ਪਿਆਰ ਤੋਂ ਬਗੈਰ ਸੁਰਜੀਤ ਨਹੀਂ ਹੋਇਆ ਜਾ ਸਕਦਾ, ਕੋਈ ਤਰੱਕੀ ਨਹੀਂ ਹੋ ਸਕਦੀ ਤੇ ਨਾ ਹੀ ਸਾਡਾ ਵਕਾਰ ਬਹਾਲ ਹੋ ਸਕਦਾ ਹੈ। ਯਾਦ ਰੱਖੀਏ ਸਾਡੇ ਬਜ਼ੁਰਗਾਂ ਨੇ ਬੇਅੰਤ ਕਸ਼ਟ ਸਹਾਰੇ, ਜਾਨਾਂ ਵਾਰ ਦਿੱਤੀਆਂ ਤਕਲੀਫਾਂ ਸਹਾਰੀਆਂ ਪਰ ਪਰ ਸਿੱਖੀ ਸਿਦਕ ਨਹੀਂ ਹਾਰਿਆ।

ਅਜੇ ਵੀ ਗੱਲ ਬਣ ਸਕਦੀ ਹੈ। ਜੇ ਅਸੀਂ ਮੁੜ ਗੌਰਵ ਹਾਸਿਲ ਕਰਨਾ ਚਾਹੁੰਦੇ ਹਾਂ, ਜੇ ਆਪਣੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਕਰਨਾ ਚਾਹੁੰਦੇ ਹਾਂ, ਤੇ ਆਪਣੇ ਗੁਰੂਆਂ ਅੱਗੇ ਸੱਚੇ ਬਣਨਾ ਚਾਹੁੰਦੇ ਹਾਂ, ਜਿਨ੍ਹਾਂ ਸਾਡੇ ਲਈ ਆਪਣਾ ਸਭ ਕੁਛ ਵਾਰਿਆ ਸੀ, ਤਾਂ ਸਾਨੂੰ ਜ਼ਰੂਰ ਇਹ ਕੁਛ ਕਰਨਾ ਚਾਹੀਦਾ ਹੈ :

1. ਮੁੜ ਗੁਰਬਾਣੀ ਨਾਲ- ਗੁਰੂ ਗ੍ਰੰਥ ਸਾਹਿਬ ਨਾਲ ਜੁੜੀਏ, ਮਨ ਬਚਨ ਤੇ ਕਰਮ ਕਰਕੇ।

2. ਆਪਾ ਘੋਖਣ ਦੀ ਜਾਚ ਸਿੱਖੀਏ ਤਾਂ ਜੋ ਆਪਣੇ ਗੁਨਾਹ ਵੇਖ ਸਕੀਏ, ਆਪਣੀਆਂ ਭੁੱਲਾਂ ਪਛਾਣ ਸਕੀਏ ਤੇ ਉਨ੍ਹਾਂ ਦਾ ਸੁਧਾਰ ਕਰ ਸਕੀਏ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦੀ ਲੋਅ ਅੰਦਰ।

3. ਜਾਤ-ਪਾਤ ਛੱਡੀਏ ਤੇ ਆਪਣੇ ਦਲਿਤ ਵੀਰਾਂ-ਭੈਣਾਂ ਦਾ ਸਨਮਾਨ ਕਰੀਏ।

4. ਵਿਖਾਵਾਪਨ ਛੱਡ ਕੇ ਨਿਮਰਤਾ ਵਾਲਾ ਜੀਵਨ ਅਪਣਾਈਏ ਤੇ ਅਪਣੇ ਲਿਤਾੜੇ ਹੋਇ ਵੀਰਾਂ ਭੈਣਾਂ ਦੀ ਸਾਰ ਲਈਏ।

5. ਅੰਮ੍ਰਿਤ ਵੇਲੇ ਨਾਲ ਜੁੜੀਏ, ਦਸਵੰਧ ਕਢੀਏ ਤੇ ਗੰਦੇ ਪੈਸੇ ਨੂੰ ਹੱਥ ਨਾ ਲਾਈਏ। ਗੁਰੂ ਦਾ ਫੁਰਮਾਨ ਰੱਖੀਏ

*ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥*
*ਕਾਰਾ ਤੁਝੈ ਨ ਬਿਆਪਈ, ਨਾਨਕ ਮਿਟੈ ਉਪਾਧਿ॥*

(ਪੰਨਾ 255)

ਇਹ ਲੇਖ ਖਤਮ ਕਰਨ ਤੋਂ ਪਹਿਲਾਂ ਕਹਿਣਾ ਚਾਹੁੰਦਾ ਹਾਂ ਕਿ ਜੇ ਸਾਡੇ ਲੀਡਰਾਂ ਨੇ ਕੁਰਸੀ ਤੇ ਪੈਸੇ ਲਈ ਆਪਣੇ ਆਪ ਨੂੰ ਵੇਚਿਆ ਨਾ ਹੁੰਦਾ, ਗੁਰੂ ਆਦੇਸ਼ਾਂ ਅਨੁਸਾਰ ਜੀਵਨ ਢਾਲਿਆ ਹੁੰਦਾ ਤੇ ਜਥੇਦਾਰ ਸਾਹਿਬਾਨਾਂ ਨੇ ਪੂਰੀ ਈਮਾਨਦਾਰੀ ਨਾਲ ਆਪਣੀ ਜਿੰਮੇਵਾਰੀ ਨਿਭਾਈ ਹੁੰਦਾ ਤਾਂ ਸਾਡਾ ਹਾਲ ਇਹ ਨਾ ਹੁੰਦਾ। ਇਹ ਠੀਕ ਹੈ ਕਿ ਬਾਹਰਲੇ ਹਾਲਾਤਾਂ ਨੇ ਸਾਨੂੰ ਤਕਲੀਫ ਪੁਚਾਈ ਹੈ ਪਰ ਫਿਰ ਵੀ ਸਾਡੇ ਗੁਰਬਾਣੀ ਤੋਂ ਟੁੱਟਣ ਕਰ ਕੇ ਹੋਇਆ। ਐਸੇ ਵਰਤਾਰੇ ਲਈ ਸਾਨੂੰ ਗੁਰੂ ਤੋਂ ਸ਼ਜਾ ਮਿਲਣੀ ਹੀ ਹੈ। ਆਸ ਹੈ ਹੁਣ ਤਾਂ ਸਾਡੇ ਲੀਡਰ ਕੁਛ ਸਬਕ ਲੈਣਗੇ। ਜਥੇਦਾਰ ਸਾਹਿਬਾਨਾਂ ਨੂੰ ਕਦੇ ਵੀ ਰਾਜਨੀਤਕ ਲੀਡਰਾਂ ਦੀ ਮੁਥਾਜੀ ਨਹੀਂ ਕਰਨੀ ਚਾਹੀਦੀ। ਰਿਸ਼ਵਤ ਤੇ ਸ਼ਰਾਬਾਂ ਦੇ ਆਧਾਰ ਤੇ ਲੜਿਆ ਜਾਣ ਵਾਲ ਚੋਣ ਸਿਸਟਮ ਜ਼ਰੂਰ ਬਦਲਣਾ ਚਾਹੀਦਾ ਹੈ ਤੇ ਚੰਗੇ ਕਿਰਦਾਰ ਵਾਲੇ ਸਿੱਖਾਂ ਨੂੰ ਸਾਡੀ ਅਗੁਆਈ ਕਰਨੀ ਚਾਹੀਦੀ ਹੈ।

ਹੇਠਲੀ ਅਰਦਾਸ ਤੋਂ ਹੁਣ ਸਾਨੂੰ ਸੇਧ ਲੈਣੀ ਚਾਹੀਦੀ ਹੈ:

*ਸੁਣਿ ਸਜਣ ਪ੍ਰੀਤਮ ਮੇਰਿਆ, ਮੈ ਸਤਿਗੁਰੁ ਦੇਹੁ ਦਿਖਾਲਿ॥*
*ਹਉ ਤਿਸੁ ਦੇਵਾ ਮਨੁ ਆਪਣਾ ਨਿਤ ਹਿਰਦੈ ਰਖਾ ਸਮਾਲਿ॥*
*ਇਕ ਸੁ ਸਤਿਗੁਰ ਬਾਹਰਾ, ਧ੍ਰਿਗ ਜੀਵਣੁ ਸੰਸਾਰਿ॥*
*ਜਨ ਨਾਨਕ ਸਤਿਗੁਰੁ ਤਿਨਾ ਮਿਲਾਇਓਨੁ,*
*ਜਿਨ ਸਦ ਹੀ ਵਰਤੈ ਨਾਲਿ॥*

(ਪੰਨਾ 957)

ਕੀ ਸਾਡੇ ਲੀਡਰ ਸੁਣ ਰਹੇ ਹਨ? ਅਤੇ ਕੀ ਸਾਡੇ ਵਿਦਵਾਨ ਸੁਣ ਰਹੇ ਹਨ? ☬


ਹਉ ਬਲਿਹਾਰੀ ਸਦਾ ਤਿਨ ਵਿਟਹੁ ਗੁਰ ਸੇਵਾ ਚਿਤੁ ਲਾਵਣਿਆ॥

HELP NEEDY

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ੍ਹ

PHONES : 701238, 713915, 701396

HELP NEEDY

**IN THE SERVICE OF HUMANITY**

# ਆਉ ਤਬਲਾ ਸਿੱਖੀਏ

ਭਾਈ ਗੁਰਜੰਤ ਸਿੰਘ ਰਾਹੀ
ਬੀ-367, ਸ਼ੇਖੂਪੁਰਾ ਸੁਨਾਮੀ ਗੇਟ, ਸੰਗਰੂਰ - 148 001 (ਪੰਜਾਬ)

ਉਠਾਨ ਤੋਂ ਬਾਦ ਤਬਲਾ ਵਾਦਨ ਵਿੱਚ ਕਾਇਦੇ ਦੀ ਵਾਰੀ ਆਉਂਦੀ ਹੈ। ਇਸ ਤੋਂ ਪਹਿਲਾਂ ਕਿ ਮੈਂ ਤੁਹਾਨੂੰ ਇੱਕ ਕਾਇਦਾ ਪਲਟਿਆਂ ਸਹਿਤ ਵਜਾਉਣਾ ਸਿਖਾਵਾਂ ਉਸ ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਕਾਇਦਾ ਕੀ ਹੈ ਤੇ ਪਲਟੇ ਕੀ ਹਨ?

ਕਾਇਦਾ : ਤਬਲੇ ਵਿੱਚ ਇਹ ਅਤਿਅੰਤ ਪ੍ਰਚਲਤ ਸ਼ਬਦ ਹੈ। ਸ਼ੁਰੂ ਵਿੱਚ ਵਿਦਿਆਰਥੀਆਂ ਨੂੰ ਕਾਇਦੇ ਤੋਂ ਹੀ ਤਬਲਾ ਸ਼ੁਰੂ ਕਰਾਇਆ ਜਾਂਦਾ ਹੈ। ਜਿਵੇਂ ਕਿ ਇਸ ਦੇ ਸ਼ਬਦੀ ਅਰਥ ਤੋਂ ਹੀ ਸ਼ਪਸਟ ਹੋ ਜਾਂਦਾ ਹੈ ਕਿ ਕਾਇਦਾ ਵਜਾਉਣ ਨਾਲ ਹੱਥ ਕਾਇਦੇ ਵਿੱਚ ਹੋ ਜਾਂਦਾ ਹੈ। ਸਿਖਿਆਰਥੀ ਸੋਲੋ ਵਾਦਨ ਅਤੇ ਸੰਗਤ ਕਰਨ ਦੇ ਯੋਗ ਹੋ ਜਾਂਦਾ ਹੈ। ਜਿਵੇਂ ਪੜ੍ਹਾਈ ਦਾ ਪਹਿਲਾ ਸਬਕ ਕਾਇਦੇ ਵਿਚੋਂ ਹੀ ਮਿਲਦਾ ਹੈ।

ਕਾਇਦੇ ਦੀ ਰਚਨਾ ਤਾਲ ਦੀ ਤਾਲੀ ਖਾਲੀ ਅਤੇ ਭਾਗਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ। ਮੁਖ ਤੌਰ ਤੇ ਕਾਇਦੇ ਦੀਆਂ ਹੇਠ ਲਿਖੀਆਂ ਵਿਸ਼ੇਸਤਾਵਾਂ ਹੁੰਦੀਆਂ ਹਨ:

ੳ) ਕਾਇਦਾ ਕੇਵਲ ਤਬਲੇ ਦੀਆਂ ਤਾਲਾਂ ਵਿੱਚ ਹੀ ਹੁੰਦਾ ਹੈ। ਵਿਸ਼ੇਸ਼ ਕਰ ਉਨ੍ਹਾਂ ਤਾਲਾਂ ਵਿੱਚ ਜਿਨ੍ਹਾਂ ਵਿੱਚ ਸੋਲੋ ਵਾਦਨ (ਸੁਤੰਤਰ ਵਾਦਨ) ਵਜਾਇਆ ਜਾਂਦਾ ਹੈ ਜਿਵੇਂ ਤੀਨ ਤਾਲ, ਝਪ ਤਾਲ, ਏਕ ਤਾਲ, ਰੂਪਕ ਤਾਲ ਆਦਿ ਪ੍ਰਮੁੱਖ ਹਨ।

ਅ) ਕਾਇਦੇ ਦੀ ਰਚਨਾ ਵਿੱਚ ਤਾਲ ਦੀ ਤਾਲੀ ਖਾਲੀ ਅਤੇ ਉਸਦਾ ਸਰੂਪ ਸਪਸ਼ਟ ਹੋਣਾ ਚਾਹੀਦਾ ਹੈ। ਕਾਇਦਾ ਇੱਕ ਜਾਂ ਦੋ ਅਵਰਤਨ (ਚਕਰ) ਦਾ ਹੁੰਦਾ ਹੈ। ਇਹ ਦੋ ਬਰਾਬਰ ਭਾਗਾਂ ਵਿੱਚ ਵੰਡਿਆਂ ਹੁੰਦਾ ਹੈ। ਪਹਿਲਾ ਭਾਗ ਭਰਿਆ ਹੋਇਆ ਅਤੇ ਦੂਸਰਾ ਭਾਗ ਖਾਲੀ ਹੁੰਦਾ ਹੈ।

ੲ) ਕਾਇਦੇ ਦੀ ਰਚਨਾ ਅਜਿਹੇ ਬੋਲ ਸਮੂੰਹ ਨਾਲ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਦਾ ਵਿਸਤਾਰ (ਪਲਟੇ) ਕੀਤਾ ਜਾ ਸਕੇ।

ਪਲਟਾ : ਜਿਵੇਂ ਇਸ ਸ਼ਬਦ ਤੋਂ ਹੀ ਲਗਦਾ ਹੈ ਕਿ ਕਿਸੀ ਵਸਤੂ ਨੂੰ ਉਲਟਾਉਣ ਪਲਟਾਉਣ ਨੂੰ ਪਲਟਾ ਕਹਿੰਦੇ ਹਨ। ਪ੍ਰੰਤੂ ਤਬਲੇ ਦੇ ਕਾਇਦੇ ਦੇ ਬੋਲਾਂ ਨੂੰ ਵਖ-ਵਖ ਤਰ੍ਹਾਂ ਨਾਲ ਉਲਟ-ਪਲਟ ਕੇ ਵਜਾਉਣ ਨੂੰ ਪਲਟਾ ਕਹਿੰਦੇ ਹਨ। ਇਸ ਨੂੰ ਕਾਇਦੇ ਦਾ ਵਿਸਤਾਰ ਕਰਨਾ ਵੀ ਕਹਿੰਦੇ ਹਨ। ਪਟਲਾ ਕਰਨ ਵੇਲੇ ਤਾਲ ਦੇ ਸਰੂਪ ਤਾਲੀ ਖਾਲੀ ਅਤੇ ਕਾਇਦੇ ਦੇ ਬੋਲਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਕਾਇਦੇ ਵਾਂਗ ਪਲਟੇ ਦੇ ਵੀ ਦੋ ਭਾਗ ਹੁੰਦੇ ਹਨ ਪਹਿਲਾ ਭਾਗ ਭਰਿਆ ਹੋਇਆ ਅਤੇ ਦੂਸਰਾ ਖਾਲੀ। ਪਲਟੇ ਦੇ ਪਹਿਲੇ ਭਾਗ ਨੂੰ ਵਜਾਉਣ ਤੋਂ ਬਾਦ ਕਾਇਦੇ ਦੀ ਪਹਿਲੀ ਪੰਗਤੀ ਵਜਾਈ ਜਾਂਦੀ ਹੈ। ਏਸੇ ਤਰ੍ਹਾਂ ਖਾਲੀ ਵਾਲਾ ਭਾਗ ਵਜਾਉਣ ਤੋਂ ਬਾਦ ਫਿਰ ਕਾਇਦੇ ਦੀ ਪਹਿਲੀ ਪੰਗਤੀ ਦੁਹਰਾਈ ਜਾਂਦੀ ਹੈ। ਜੇ ਕਾਇਦੇ ਨੂੰ ਸਥਾਈ ਕਿਹਾ ਜਾਵੇ ਤਾਂ ਪਲਟੇ ਅੰਤਰੇ ਹੋਣਗੇ। ਪਲਟਿਆਂ ਦੀ ਗਿਣਤੀ ਕੋਈ ਨਿਸਚਿਤ ਨਹੀਂ ਹੈ ਇਹ ਵਾਦਕ ਦੀ ਯੋਗਤਾ ਤੇ ਨਿਰਭਰ ਹੈ ਕਿ ਉਹ ਕਾਇਦੇ ਦੇ ਬੋਲਾਂ ਦਾ ਕਿੰਨਾ ਵਿਸਥਾਰ ਕਰ ਸਕਦਾ ਹੈ। ਪਲਟਿਆਂ ਦਾ ਵਿਸਥਾਰ ਕਰਨ ਵੇਲੇ ਕਈ ਵਾਰ ਵਾਦਕ ਕਾਇਦੇ ਦੇ ਬੋਲਾਂ ਤੋਂ ਬਾਹਰ ਚਲਾ ਜਾਂਦਾ ਹੈ ਪਰ ਇਹ ਦੋਸ਼ ਮੰਨਿਆ ਗਿਆ ਹੈ। ਕਿਉਂ ਕਿ ਕਾਇਦੇ ਵਿੱਚ ਆਏ ਬੋਲਾਂ ਨੂੰ ਹੀ ਉਲਟ ਪਲਟ ਕੇ ਨਵੀਂ ਰਚਨਾ ਕਰਨਾ ਹੈ।

ਜਿਵੇਂ ਸਿਆਣਾ ਅਧਿਆਪਕ ਸ਼ੁਰੂ ਦੇ ਵਿਦਿਆਰਥੀ ਨੂੰ ਅੱਖਰਾਂ ਦੀ ਪਹਿਚਾਣ ਕਰਾਉਣ ਤੋਂ ਬਾਅਦ ਦੋ ਦੋ ਅੱਖਰਾਂ ਦੇ ਸ਼ਬਦ ਜੋੜ ਪਹਿਲਾਂ ਮੁਕਤੇ ਅੱਖਰ, ਫਿਰ ਕੰਨਾ ਲਾਕੇ, ਫਿਰ ਔਂਕੜ ਦੁਲੈਂਕੜ ਸਿਆਰੀ ਬਿਹਾਰੀ ਦੀ ਵਰਤੋਂ ਦੱਸਦਾ ਹੈ ਜਿਸ ਨਾਲ ਵਿਦਿਆਰਥੀ ਸਹਿਜੇ ਹੀ ਪੜ੍ਹਨਾ ਸਿੱਖ ਜਾਂਦਾ ਹੈ।

ਠੀਕ ਏਸੇ ਤਰ੍ਹਾਂ ਮੈਂ ਤੁਹਾਨੂੰ ਅਜਿਹੇ ਕਾਇਦੇ ਕਰਵਾਵਾਂਗਾ ਜਿਨ੍ਹਾਂ ਦੇ ਅਭਿਆਸ ਨਾਲ ਤੁਹਾਡਾ ਹੱਥ ਅਤੇ ਲੈਅ ਕੰਟਰੋਲ ਵਿੱਚ ਰਹੇਗੀ ਅਤੇ ਤੁਸੀਂ ਕੁਸ਼ਲ ਤਬਲਾ ਵਾਦਕ ਬਣ ਸਕੋਗੇ।

*ਕਾਇਦਾ ਤੀਨ ਤਾਲ*

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਧਾ | ਧਾ | ਤਿ | ਟ | ਧਾ | ਧਾ | ਤੂੰ | ਨਾ | ਤਾ | ਤਾ | ਤਿ | ਟ | ਧਾ | ਧਾ | ਤੂੰ | ਨਾ |
| x | | | | 2 | | | | 0 | | | | 3 | | | |

*ਪਲਟੇ*

| | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| 1. | ਧਾ | ਧਾ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| | ਤਾ | ਤਾ | ਤੇ | ਟੇ | ਤਾ | ਤਾ | ਤਾ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| 2. | ਧਾ | ਧਾ | ਤੇ | ਟੇ | ਧਾ | ਧਾ | ਤੇ | ਧਾ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| | ਤਾ | ਤਾ | ਤੇ | ਟੇ | ਤਾ | ਤੇ | ਤਾ | ਤਾ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| 3. | ਧਾ | ਧਾ | ਧਾ | ਤੇ | ਟੇ | ਧਾ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| | ਤਾ | ਤਾ | ਤਾ | ਤੇ | ਟੇ | ਤਾ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| 4. | ਧਾ | ਧਾ | ਤੇ | ਟੇ | ਤੇ | ਟੇ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| | ਤਾ | ਤਾ | ਤੇ | ਟੇ | ਤੇ | ਟੇ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| 5. | ਧਾ | ਤੇ | ਟੇ | ਧਾ | ਤੇ | ਟੇ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| | ਤਾ | ਤੇ | ਟੇ | ਤਾ | ਤੇ | ਟੇ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| 6. | ਧਾ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| | ਤਾ | ਤੇ | ਟੇ | ਤਾ | ਤਾ | ਤੇ | ਟੇ | ਤਾ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| 7. | ਤੇ | ਟੇ | ਧਾ | ਤੇ | ਟੇ | ਤੇ | ਟੇ | ਧਾ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| | ਤਾ | ਟੇ | ਤਾ | ਤੇ | ਟੇ | ਤੇ | ਟੇ | ਤਾ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| 8. | ਤੇ | ਟੇ | ਧਾ | ਤੇ | ਟੇ | ਧਾ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| | ਤਾ | ਟੇ | ਤਾ | ਤੇ | ਟੇ | ਤਾ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| 9. | ਧਾ | ਤੇ | ਟੇ | ਧਾ | ਧਾ | ਧਾ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| | ਤਾ | ਤੇ | ਟੇ | ਤਾ | ਤਾ | ਤਾ | ਤੇ | ਟੇ | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |

*ਤਿਹਾਈ*

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ | ਧਾ | S | Sੇ | Sੇ | ਧਾ | ਧਾ | ਤੇ | ਟੇ |
| ਧਾ | ਧਾ | ਤੂ | ਨਾ | ਧਾ | S | S | S | ਧਾ | ਧਾ | ਤੇ | ਟੇ | ਧਾ | ਧਾ | ਤੂ | ਨਾ |
| ਧਾ | | | | | | | | | | | | | | | |
| X | | | | | | | | | | | | | | | |


**ਅੰਮ੍ਰਿਤ ਕੀਰਤਨ** ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।



## ਗੁਰਮਤਿ ਸੰਗੀਤ ਸਿਖਲਾਈ ਕੇਂਦਰ

ਜਸਵੰਤ ਸਿਨੇਮੇ ਦੇ ਸਾਹਮਣੇ ਗਲੀ ਆਦਰਸ਼ ਨਗਰੀ, ਮਲੋਟ। ਇੱਥੇ ਹਾਰਮੋਨੀਅਮ, ਤਬਲਾ, ਬੈਂਜੋ ਅਤੇ ਆਰਗਨ ਦੀ ਸਿਖਲਾਈ ਦਿੱਤੀ ਜਾਵੇਗੀ। ਇੱਥੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਅਤੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਪ੍ਰਮਾਣਿਤ ਟੀਚਰ ਸੰਗੀਤ ਦੀ ਸਿਖਲਾਈ ਦੇਣਗੇ। ਸੰਗੀਤ ਦਾ ਡਿਪਲੋਮਾ ਦਿੱਤਾ ਜਾਵੇਗਾ। ਸੰਗੀਤ ਸਿੱਖਣ ਦੇ ਚਾਹਵਾਨ ਹੇਠ ਲਿਖੇ ਪਤੇ ਤੇ ਸੰਪਰਕ ਕਰਣ। *ਲੜਕੀਆਂ ਲਈ ਵੱਖਰੀ ਕਲਾਸ ਦਾ ਪ੍ਰਬੰਧ ਹੈ।*

ਪ੍ਰੋ. ਐਮ. ਐਸ. ਮਸਤਾਨਾ
ਸੰਗੀਤ ਵਿਸ਼ਾਰਦ ਪ੍ਰਾਚੀਨ ਕਲਾ ਕੇਂਦਰ, ਚੰਡੀਗੜ੍ਹ

ਭਾਈ ਗੁਰਬੀਰ ਸਿੰਘ
ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ

ਤਬਲਾ ਵਾਦਕ ਭਾਈ ਪ੍ਰਕਾਸ਼ ਸਿੰਘ (ਸੰਗੀਤ ਵਿੱਦਿਆ ਕੇਂਦਰ ਦਿੱਲੀ)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : ਪ੍ਰੋ. ਅਮਰੀਕ ਸਿੰਘ ਫੋਨ : 63934, 64047

# ਗੁਰੂ ਨਾਨਕ ਦੇਵ ਜੀ ਦਾ ਫਰਿੰਦੇਂ ਪਾਸੋਂ ਰਬਾਬ ਮੰਗਵਾਉਂਣਾ

ਡਾ. ਜੋਗਿੰਦਰ ਸਿੰਘ ਬਾਵਰਾ
20, ਗੁਰੂ ਨਾਨਕ ਨਗਰ, ਜਲੰਧਰ-3

ਪਿਤਾ ਕਾਲੂ ਨੂੰ ਖ਼ਬਰ ਮਿਲੀ ਕਿ ਉਸ ਦਾ ਪੁੱਤਰ ਨਾਨਕ ਫ਼ਕੀਰ ਹੋ ਗਿਆ ਹੈ। ਉਸ ਨੇ ਮਰਦਾਨੇ ਨੂੰ ਖ਼ਬਰ ਲੈਣ ਲਈ ਤਲਵੰਡੀ ਤੋਂ ਸੁਲਤਾਨ ਪੁਰ ਭੇਜਿਆ। ਜਦੋਂ ਮਰਦਾਨਾ ਗੁਰੂ ਨਾਨਕ ਜੀ ਦੇ ਕੋਲ ਪਹੁੰਚਿਆ ਤਾਂ ਗੁਰੂ ਜੀ ਨੇ ਕਿਹਾ ਮਰਦਾਨਿਆਂ ਅਸੀਂ ਤੈਨੂੰ ਹੀ ਉਡੀਕਦੇ ਸਾਂ। ਤੂੰ ਵੀ ਮੇਰੇ ਨਾਲ ਚਲ। ਮਰਦਾਨੇ ਨੇ ਦਰਆਫ਼ਤ ਕੀਤਾ ਕਿਧਰ ਮਹਾਰਾਜ!" 'ਜਿੱਥੇ ਕਰਤਾਰ ਲੈ ਜਾਵੇ' ਤੂੰ ਕਿਧਰੋਂ ਰਬਾਬ ਲੈ ਕੇ ਆ, ਸਾਰਾ ਸ਼ਹਿਰ ਫਿਰ ਸੁੱਟਿਆ। ਆਸ ਪਾਸ ਦੇ ਪਿੰਡ ਵੀ ਗਾਹ ਮਾਰੇ। ਅਖੀਰ ਇੱਕ ਪਠਾਣ ਰਬਾਬ ਵਜਾ ਕੇ ਗਾਉਂਦਾ ਵੇਖਿਆ। ਦੁਆ-ਸਲਾਮ ਤੋਂ ਬਾਅਦ ਮਰਦਾਨਾ ਉਸ ਪਠਾਣ ਨੂੰ ਗੁਰੂ ਜੀ ਕੋਲ ਲੈ ਆਇਆ। ਉਸ ਨੇ ਗੁਰੂ ਜੀ ਦੇ ਸਾਹਮਣੇ ਰਬਾਬ ਵਜਾਈ। ਗੁਰੂ ਜੀ ਦੀ ਸਮਾਧੀ ਲਗ ਗਈ। ਜਦ ਅੱਖਾਂ ਖੁੱਲ੍ਹੀਆਂ ਤਾਂ ਮਰਦਾਨੇ ਨੂੰ ਰਬਾਬ ਵਜਾਉਣ ਦਾ ਹੁਕਮ ਕੀਤਾ। ਮਰਦਾਨਾ ਰਬਾਬ ਵਜਾਉਣਾ ਨਹੀਂ ਸੀ ਜਾਣਦਾ ਪਰ ਹੁਕਮ ਮਨ ਕੇ ਉਸ ਨੇ ਵਜਾਉਣਾ ਸ਼ੁਰੂ ਕੀਤਾ। ਉਸ ਦੀ ਰਬਾਬ ਸੁਣ ਕੇ ਗੁਰੂ ਜੀ ਬੜੇ ਪ੍ਰਸੰਨ ਹੋਏ। ਉਹ ਪਠਾਣ ਵੀ ਬੜਾਂ ਹੈਰਾਨ ਹੋਇਆ ਤੇ ਬੋਲਿਆ, 'ਮੈਂ ਕਈ ਚੰਗੇ-ਚੰਗੇ ਢਾਡੀ-ਰਬਾਬੀ ਸੁਣੇ ਹਨ ਪਰ ਅਜੇਹੀ ਸੁਰੀਲੀ ਰਬਾਬ ਕਦੇ ਨਹੀਂ ਸੁਣੀ। ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਬੇਬੇ ਪਾਸੋਂ ਰੁਪਏ ਲੈ ਕੇ ਰਬਾਬ ਖ਼ਰੀਦ ਕੇ ਲਿਆ। ਪਠਾਣ ਨੇ ਆਪਣੀ ਰਬਾਬ ਹਾਜ਼ਰ ਕੀਤੀ। ਗੁਰੂ ਜੀ ਨੇ ਫ਼ਰਮਾਇਆ 'ਇਹ ਸਾਡੇ ਕੰਮ ਦੀ ਰਬਾਬ ਨਹੀਂ।'

ਮਰਦਾਨਾ ਬੇਬੇ ਨਾਨਕੀ ਪਾਸੋਂ ਸੱਤ ਰੁਪਏ ਲੈ ਕੇ ਰਬਾਬ ਖਰੀਦਣ ਲਈ ਨਿਕਲ ਪਿਆ। ਮਰਦਾਨਾ ਕਈ ਮਰਾਸੀਆਂ ਕੋਲ ਗਿਆ ਜਿਹੜੇ ਰਬਾਬ ਵਜਾਉਂਦੇ ਸਨ ਪਰ ਕੋਈ ਵੀ ਰਬਾਬ ਵੇਚਣ ਲਈ ਤਿਆਰ ਨਾ ਹੋਇਆ। ਕਈਆਂ ਨੇ ਉਸ ਨੂੰ ਹਿੰਦੂ ਫ਼ਕੀਰ ਦਾ ਮੁਰੀਦ ਹੋਣ ਕਾਰਨ ਕਾਫ਼ਿਰ ਵੀ ਕਿਹਾ ਤੇ ਅਪਸ਼ਬਦ ਵੀ ਕਹੇ। ਮਰਦਾਨੇ ਨੂੰ ਖਾਲੀ ਹੱਥ ਵਾਪਸ ਪਰਤਣ ਤੇ ਗੁਰੂ ਜੀ ਨੇ ਪੁੱਛਿਆ- "ਮਰਦਾਨਿਆ ਰਬਾਬ ਲੈ ਆਇਆ ਹੈਂ?"

"ਮਹਾਰਾਜ! ਰਬਾਬ ਤਾਂ ਨਹੀਂ ਮਿਲੀ ਪਰ ਕਈ ਰਬਾਬੀਆਂ ਵਲੋਂ ਝਿੜਕਾਂ ਜ਼ਰੂਰ ਮਿਲੀਆਂ ਹਨ।"- ਮਰਦਾਨਾ ਨਿਰਾਸ਼ ਬਾਣੀ ਵਿੱਚ ਉਚਰਿਆ।

"ਮਰਦਾਨਿਆ ਇੱਕ ਵਾਰ ਫ਼ਿਰ ਜਾ। ਅਸੀਂ ਤੈਨੂੰ ਠਿਕਾਣਾ ਦੱਸਦੇ ਹਾਂ ਉੱਥੋਂ ਰਬਾਬ ਜ਼ਰੂਰ ਮਿਲ ਜਾਵੇਗਾ।"

"ਸਤ ਬਚਨ। ਮੈਂ ਦੋ ਦਿਨਾਂ ਬਾਅਦ ਥਕੇਵਾਂ ਲਾਹ ਕੇ ਤੁਹਾਡੇ ਦੱਸੇ ਹੋਏ ਠਿਕਾਣੇ ਵੱਲ ਚਲ ਪਵਾਂਗਾ।"

ਗੁਰੂ ਜੀ ਨੇ ਠਿਕਾਣਾ ਸਮਝਾਉਂਦੇ ਹੋਏ ਦੱਸਿਆ- "ਦੋ ਦਰਿਆਵਾਂ ਵਿਚਕਾਰ ਇੱਕ ਨਿੱਕਾ ਜਿਹਾ ਪਿੰਡ ਹੈ ਅਥਕ ਪੁਰ ਉੱਥੇ ਇੱਕ ਹਿੰਦੂ ਰਬਾਬੀ ਰਹਿੰਦਾ ਹੈ ਜਿਸ ਦਾ ਨਾਮ ਫਰਿੰਦਾ ਹੈ, ਜਿਸ ਨੂੰ ਫੇਰੂ ਵੀ ਕਹਿੰਦੇ ਹਨ। ਉਹ ਰਬਾਬ ਵਜਾਉਂਦਾ ਵੀ ਹੈ ਤੇ ਬਣਾਉਂਦਾ ਵੀ ਹੈ। ਉਸ ਪਾਸ ਜਾ ਕੇ ਸਾਡਾ ਨਾਮ ਲਈਂ ਤੈਨੂੰ ਰਬਾਬ ਮਿਲ ਜਾਵੇਗਾ।"

ਮਰਦਾਨਾ ਦੋ ਦਿਨਾਂ ਦਾ ਕਪੜਾ-ਲੱਤਾ ਤੇ ਖਾਣ ਦਾ ਸਮਾਨ ਪੱਲੇ ਬੰਨ੍ਹ ਅਥਕ ਪੁਰ ਦੀ ਭਾਲ ਵਿੱਚ ਚੱਲ ਪਿਆ। ਦੋ ਦਿਨ ਲਗਾਤਾਰ ਪਿੰਡ ਦੀ ਭਾਲ ਕਰਦਾ, ਰਾਹ ਪੁੱਛਦਾ ਨਿਰਾਸ਼ ਤੇ ਥਕੇਵੇਂ ਨਾਲ ਚੂਰ ਇੱਕ ਪਿੰਡ ਤੋਂ ਬਾਅਦ ਇੱਕ ਬਿਰਖ ਹੇਠ ਆਰਾਮ ਕਰਨ ਲਈ ਬੈਠ ਗਿਆ। ਥਕੇਵੇਂ ਕਾਰਣ ਉਸ ਨੂੰ ਊਂਘ ਆ ਗਈ। ਥੋੜੀ ਦੇਰ ਬਾਅਦ ਇੱਕ ਆਦਮੀ ਉਸ ਰਾਹ ਤੋਂ ਲੰਘਿਆ। ਇੱਕ ਅਜਨਬੀ ਨੂੰ ਲੰਮੇ ਪਿਆ ਵੇਖ ਉਸ ਨੇ ਪੁੱਛਿਆ- "ਕਿਉਂ ਭਾਈ ਤੂੰ ਕੌਣ ਹੈ? ਕਿੱਥੋਂ ਆਇਆ ਹੈਂ ਤੇ ਕਿੱਥੇ ਜਾਣਾ ਹੈ?"

ਇਹ ਸ਼ਬਦ ਕੰਨਾਂ ਵਿੱਚ ਪੈਂਦਿਆਂ ਮਰਦਾਨਾ ਸਾਵਧਾਨ ਹੋਇਆ ਤੇ ਬੋਲਿਆ- "ਮੈਂ ਤਲਵੰਡੀ ਦਾ ਵਾਸੀ ਮਰਦਾਨਾ ਹਾਂ। ਮੈਨੂੰ ਗੁਰੂ ਨਾਨਕ ਦੇਵ ਜੀ ਨੇ ਅਥਕ ਪੁਰ ਤੋਂ ਰਬਾਬ ਖਰੀਦਣ ਲਈ ਭੇਜਿਆ ਹੈ। ਉਹਨਾਂ ਦਾ ਹੁਕਮ ਹੈ ਕਿ ਭਾਈ ਫਰਿੰਦੇ ਪਾਸੋਂ ਰਬਾਬ ਲੈ ਕੇ ਆ। ਮੈਨੂੰ ਨਾ ਤਾਂ ਅਥਕ ਪੁਰ ਦਾ ਪਤਾ ਲਗਾ ਹੈ ਤੇ ਨਾ ਭਾਈ ਫਰਿੰਦੇਂ ਦਾ। ਮਿਹਰਬਾਨੀ ਕਰਕੇ ਤੁਸੀਂ ਮੇਰੀ ਮਦਦ ਕਰੋ।"

ਭਾਈ ਫਰਿੰਦੇਂ ਨੇ ਕਿਹਾ- "ਗੁਰਮੁਖਾ! ਚਿੰਤਾ ਨਾ ਕਰ ਇਹੀ ਪਿੰਡ ਅਥਕ ਪੁਰ ਹੈ ਅਤੇ ਮੈਂ ਹੀ ਫੇਰੂ ਜਾਂ ਫਰਿੰਦਾਂ ਹਾਂ। ਰਬਾਬ ਵੀ ਮੇਰੇ ਪਾਸ ਹੈ।"

ਭਾਈ ਫੇਰੂ ਮਰਦਾਨੇ ਨੂੰ ਘਰ ਲੈ ਗਿਆ। ਉਸ ਦੀ ਸੇਵਾ ਟਹਿਲ ਕੀਤੀ। ਮਰਦਾਨਾ ਕੁਝ ਸਮਾਂ ਉਸ ਪਾਸ ਰੁਕਿਆ। ਇੱਕ ਦਿਨ ਬੋਲਿਆ- "ਭਾਈ ਜੀ ਹੁਣ ਮੈਨੂੰ ਰਬਾਬ ਦਿਉ ਤਾਂ ਜੋ ਮੈਂ ਵਾਪਸ ਪਹੁੰਚਾ।"

ਫਰਿੰਦਾਂ ਅੰਦਰ ਗਿਆ ਤੇ ਕੱਪੜੇ ਦੇ ਗਿਲਾਫ਼ ਵਿੱਚ ਲਿਪਟੀ ਰਬਾਬ ਲੈ ਆਇਆ। ਮਰਦਾਨਾ ਗਿਲਾਫ਼ ਉਤਾਰ

ਕੇ ਵੇਖਣ ਲੱਗਾ ਤੇ ਬਸ ਵੇਖਦਾ ਹੀ ਰਹਿ ਗਿਆ। ਉਹ ਇਸ ਸੁੰਦਰ ਰਬਾਬ ਨੂੰ ਵੇਖ ਕੇ ਦੰਗ ਰਹਿ ਗਿਆ। ਮਰਦਾਨਾ ਨੇ ਬੜੇ ਕੋਮਲ ਸ਼ਬਦਾਂ ਵਿੱਚ ਇਸ ਦਾ ਮੁੱਲ ਪੁੱਛਿਆ। ਫਰਿੰਦਾਂ ਬੋਲਿਆ– "ਮਰਦਾਨਾ ਜੀ, ਇਸ ਦਾ ਮੁੱਲ ਕੋਈ ਵੀ ਨਹੀਂ ਦੇ ਸਕਦਾ ਅਤੇ ਨਾ ਹੀ ਮੈਂ ਇਸ ਦਾ ਮੁੱਲ ਲੈ ਸਕਦਾ ਹਾਂ। ਇਹ ਆਪਣੀ ਕਿਸਮ ਦਾ ਇੱਕੋ ਹੀ ਰਬਾਬ ਹੈ। ਇਹ ਕੇਵਲ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਵਜਾਉਣ ਲਈ ਤਿਆਰ ਕੀਤੀ ਗਈ ਹੈ।"

ਮਰਦਾਨਾ ਰਬਾਬ ਨੂੰ ਵਜਾ ਕੇ ਵੇਖਣਾ ਚਾਹੁੰਦਾ ਸੀ ਪਰ ਫਰਿੰਦਾ ਬੋਲਿਆ– "ਇਹ ਰਬਾਬ ਗੁਰੂ ਨਾਨਕ ਦੇਵ ਤੋਂ ਇਲਾਵਾ ਕਿਸੇ ਅੱਗੇ ਨਹੀਂ ਵਜਾਉਣਾ। ਇਹ ਸਾਨੂੰ ਕੁਦਰਤ ਵਲੋਂ ਪ੍ਰਾਪਤ ਹੋਇਆ ਹੈ। ਇਹ ਰਬਾਬ ਉਸ ਦੇ ਸਾਹਮਣੇ ਹੀ ਵਜਾਉਣਾ ਹੈ।"

ਭਾਈ ਫਰਿੰਦਾਂ ਵੀ ਮਰਦਾਨਾ ਦੇ ਨਾਲ ਸੁਲਤਾਨ ਪੁਰ ਲਈ ਚਲ ਪਿਆ ਤਾਂ ਕਿ ਉਹ ਗੁਰੂ ਜੀ ਦੇ ਦਰਸ਼ਨ ਕਰ ਆਵੇ। ਰਾਹ ਦਾ ਸਮਾਨ ਨਾਲ ਲੈ ਕੇ ਦੋਵੇਂ ਚਲ ਪਏ। ਰਾਹ ਵਿੱਚ ਭਾਈ ਮਰਦਾਨਾ ਗੁਰੂ ਜੀ ਦੀਆਂ ਅਲੌਕਿਕ ਗੱਲਾਂ ਭਾਈ ਫੇਰੂ ਨੂੰ ਸੁਣਾਉਂਦਾ ਆਇਆ। ਭਾਈ ਫੇਰੂ ਮਗਨ ਹੋ ਸੁਣਦਾ ਆਇਆ ਤੇ ਕੇਵਲ ਹੁੰਗਾਰਾ ਭਰਦਾ ਆਇਆ। ਉਸ ਦਾ ਚਿਤ ਗੁਰੂ ਚਰਨਾਂ ਨਾਲ ਜੁੜਿਆ ਹੋਇਆ ਸੀ। ਗੁਰੂ ਜੀ ਪਾਸ ਪਹੁੰਚ ਦੋਨਾਂ ਨੇ ਨਮਸਕਾਰ ਕੀਤਾ, ਚਰਨਾ ਤੇ ਸੀਸ ਝੁਕਾਏ ਤੇ ਇੱਕ ਪਾਸੇ ਹੋ ਕੇ ਬੈਠ ਗਏ।

ਗੁਰੂ ਜੀ ਨੇ ਮਰਦਾਨੇ ਤੋਂ ਕਈ ਦਿਨਾਂ ਬਾਅਦ ਵਾਪਸੀ ਦਾ ਕਾਰਣ ਪੁੱਛਿਆ ਤਾਂ ਮਰਦਾਨਾ ਬੋਲਿਆ– "ਜਿੱਥੇ ਤੁਸੀਂ ਭੇਜਿਆ ਸੀ ਉੱਥੋਂ ਦੇ ਪਿੰਡ ਦਾ ਨਾਮ, ਪਤਾ ਪੁੱਛਦਾ-ਪੁੱਛਦਾ ਥੱਕ ਗਿਆ। ਅੱਕ ਕੇ ਵਾਪਸ ਖਾਲੀ ਹੱਥ ਪਰਤਣ ਦੀ ਸੋਚ ਰਿਹਾ ਸੀ ਕਿ ਇਹ ਸੰਤ ਪੁਰਖ ਮਿਲ ਗਿਆ।"

ਗੁਰੂ ਜੀ ਮਰਦਾਨੇ ਨੂੰ ਕਹਿਣ ਲਗੇ– "ਮਰਦਾਨਿਆਂ ਹੁਣ ਤਾਂ ਰਬਾਬ ਮਿਲ ਗਈ ਹੈ ਨਾ। ਹੁਣ ਇਸ ਨੂੰ ਵਜਾ ਕੇ ਵਿਖਾ।"

ਮਰਦਾਨੇ ਨੇ ਗਿਲਾਫ਼ ਉਤਾਰਿਆ ਤੇ ਰਬਾਬ ਦਾ ਥਾਟ ਮਿਲਾਉਣ ਲਈ ਯਤਨ ਕੀਤਾ। ਗੁਰੂ ਜੀ ਬੋਲੇ– "ਤੂੰ ਇਸ ਨੂੰ ਵਜਾ, ਥਾਟ ਆਪੇ ਹੀ ਮਿਲ ਜਾਵੇਗਾ।"

ਜਦ ਮਰਦਾਨੇ ਨੇ ਤਾਰਾਂ ਤੇ ਉਂਗਲਾਂ ਰੱਖੀਆਂ ਤਾਂ ਆਵਾਜ਼ ਆਈ 'ਤੂੰ ਹੀ ਨਿਰੰਕਾਰ! ਤੂੰ ਹੀ ਨਿਰੰਕਾਰ' ਇਹ ਮਧੁਰ ਬਾਣੀ ਸੁਣ ਮਰਦਾਨਾ ਬੜਾ ਪ੍ਰਸੰਨ ਹੋਇਆ। ਉਸ ਨੇ ਰਬਾਬ ਦੀ ਦਿਲ ਖੋਲ ਕੇ ਮਹਿਮਾ ਕੀਤੀ। ਭਾਈ ਫੇਰੂ ਵੀ ਬੜਾ ਖੁਸ਼ ਸੀ, ਆਪਣੀ ਕਿਰਤ ਦੀ ਉਪਮਾ ਸੁਣਕੇ। ਉਸ ਨੂੰ ਬਹੁਤੀ ਖੁਸ਼ੀ ਇਸ ਗੱਲ ਦੀ ਸੀ ਕਿ ਇਹ ਅਲੌਕਿਕ ਰਬਾਬ ਗੁਰੂ ਜੀ ਦੇ ਨਾਲ ਦੇਸ਼ ਦੇਸ਼ਾਂਤਰਾਂ ਵਿੱਚ ਮਨੁੱਖਾਂ ਨੂੰ ਹੀ ਨਹੀਂ ਪਸ਼ੂ ਪੰਛੀਆਂ ਨੂੰ ਵੀ ਮੁਗਧ ਕਰੇਗੀ। ਇਸ ਨੂੰ ਗੁਰੂ ਜੀ ਦੇ ਹੱਥਾਂ ਦੀ ਛੋਹ ਪ੍ਰਾਪਤ ਹੋਈ ਹੈ।

ਦੋ ਦਿਨਾਂ ਬਾਅਦ ਫਰਿੰਦਾਂ ਵਾਪਸੀ ਲਈ ਤਿਆਰ ਹੋਇਆ। ਗੁਰੂ ਜੀ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਉਸ ਨੂੰ ਥੋੜੀ ਦੂਰ ਤਕ ਵਿਦਾ ਕਰ ਆਵੇ। ਨਗਰ ਤੋਂ ਬਾਹਰ ਨਿਕਲ ਕੇ ਭਾਈ ਫਰਿੰਦਾਂ ਆਪਣੇ ਪਿੰਡ ਦੇ ਰਾਹ ਪੈ ਗਿਆ। ਮਰਦਾਨਾ ਉਸ ਨੂੰ ਜਾਂਦੇ ਹੋਏ ਵੇਖਦਾ ਰਿਹਾ ਜਦੋਂ ਤੱਕ ਉਹ ਘਣੇ ਵਣਾਂ ਦੇ ਬਿਰਖਾਂ ਦੀ ਓਟ ਵਿੱਚ ਅਲੋਪ ਨਹੀਂ ਸੀ ਹੋ ਗਿਆ। ☬


## ਤਿੰਨ ਅਨਮੋਲ ਪੁਸਤਕਾਂ

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ*
*ਅੰਮ੍ਰਿਤ ਕੀਰਤਨ ਟ੍ਰਸਟ, 1246, (1st ਫਲੋਰ)*
*ਸੈਕਟਰ 22 ਬੀ, ਚੰਡੀਗੜ੍ਹ*

- ਗੁਰੂ ਗੋਬਿੰਦ ਸਿੰਘ ਰਾਗ–ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)


## ਵਿਸ਼ੇਸ਼ ਬੇਨਤੀ

1. 'ਅੰਮ੍ਰਿਤ ਕੀਰਤਨ' ਦੇ ਪਾਠਕਾਂ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਰਹਿ ਰਹੇ ਪਾਠਕਾਂ ਅੱਗੇ ਬੇਨਤੀ ਹੈ ਕਿ ਆਪਣੇ Telephone No., Fax No. ਤੇ E-Mail Address ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਮੇਲ ਹੋਰ ਸੁਚੱਜੇ ਢੰਗ ਨਾਲ ਹੋ ਸਕੇ।
2. ਚਿੱਠੀ ਪੱਤਰ ਕਰਨ ਵੇਲੇ ਆਪਣਾ Subscriber No. ਜ਼ਰੂਰ ਲਿਖਣ ਦੀ ਖੇਚਲ ਕਰਨਾ।
3. ਜੇ ਤੁਹਾਨੂੰ 15 ਤਰੀਕ ਤੱਕ ਮੈਗਜ਼ੀਨ ਨਹੀਂ ਮਿਲਦਾ ਤਾਂ ਸਾਨੂੰ ਸੂਚਿਤ ਕਰੋ।

# ਗੁਰਬਾਣੀ ਕੀਰਤਨ ਦੀ ਮਹਿਮਾ


## ਮਨਮੋਹਨ ਸਿੰਘ ਦਾਊਂ

280, ਫੇਜ਼ 6, ਮੁਹਾਲੀ (ਰੋਪੜ)


ਗੁਰਬਾਣੀ ਕ਼ਾਦਰ ਤੇ ਕੁਦਰਤ ਦੀ ਸੰਗੀਤਮਈ ਵਡਿਆਈ ਹੈ ਜਿਹੜੀ ਮਨੁੱਖ ਨੂੰ ਸੁਚੱਜੇ ਜੀਵਨ ਲਈ ਪ੍ਰੇਰਨਾ ਤੇ ਬਲ ਪ੍ਰਦਾਨ ਕਰਦੀ ਹੈ। ਰੂਹ ਨਸ਼ਿਆਉਂਦੀ ਹੈ ਅਤੇ ਅਨਹਦ ਨਾਦ ਦੀਆਂ ਧੁਨਾਂ ਦੁਆਰਾ ਅਗੰਮੀ ਅਤੇ ਵਿਸਮਾਦੀ ਅਵਸਥਾ 'ਚ ਲੈ ਜਾਂਦੀ ਹੈ। ਗੁਰਬਾਣੀ ਕੀਰਤਨ ਜਦੋਂ ਸੰਗੀਤਕ ਮਾਹੌਲ ਸਿਰਜਦਾ ਹੈ ਤਾਂ ਕਾਇਨਾਤ ਖਿੜ ਉੱਠਦੀ ਹੈ। ਬਾਬੇ ਨਾਨਕ ਦੀ ਸੰਗਤ ਕਰਦੀ ਭਾਈ ਮਰਦਾਨੇ ਦੀ ਰਬਾਬ ਨੇ ਚੌਹ ਕੁੰਟਾਂ ਨੂੰ ਉਜਾਲਿਆ ਤੇ ਆਮ ਮਨੁੱਖ ਦੀ ਹੋਣੀ ਜਾਗ ਉੱਠੀ। ਇਹ ਜ਼ਰੂਰੀ ਨਹੀਂ ਕਿ ਗੁਰਬਾਣੀ ਕੀਰਤਨ ਸ੍ਰੀ ਗੁਰਦੁਆਰਾ ਸਾਹਿਬ ਦੀ ਪੂਜਣਯੋਗ ਧਰਤ 'ਤੇ ਹੀ ਸੁਣਿਆ ਜਾਵੇ। ਇਹ ਤਾਂ ਅੰਦਰ ਜਗਾਉਣ ਦਾ ਕਾਰਜ ਹੈ ਜਿਹੜਾ ਜਿੱਥੇ ਵੀ ਹੋਵੇ ਜਦੋਂ ਵੀ ਹੋਵੇ ਕੰਨ-ਰਸ ਲਾ, ਇਕਾਗਰ ਮਨ ਹੋ ਕੇ ਮਨੁੱਖੀ ਪਿੰਡੇ ਦੀ ਸਬੂਤੀ ਦੇਹੀ ਨੂੰ ਅਰਪਿਤ ਕਰਕੇ ਮਾਣਿਆ ਜਾ ਸਕਦਾ ਹੈ। ਇਸ ਦੀ ਅਲੌਕਿਕ-ਸ਼ਕਤੀ, ਧੁਨਾਂ ਦਾ ਤਰੰਗੀ ਪ੍ਰਭਾਵ ਅਤੇ ਸ਼ਬਦਾਂ ਦਾ ਪ੍ਰਭਾਵੀ ਸੰਚਾਰ ਜਦੋਂ ਮਨ ਦੀ ਲੋਚਾ 'ਚ ਖੁੱਭ ਜਾਵੇ ਤਾਂ ਰੂਹ ਦਾ ਖੇੜਾ ਬਲ-ਬਲ ਹੋ ਉੱਠਦਾ ਹੈ। ਮੈਨੂੰ ਗੁਰਬਾਣੀ ਕੀਰਤਨ ਨਿਸ਼ਚਿਤ ਰਾਗਾਂ ਵਿੱਚ ਸੁਣਕੇ ਬਹੁਤ ਅਨੰਦ ਆਉਂਦਾ ਹੈ। ਅਪ੍ਰਵਾਨਿਤ ਧੁਨਾਂ ਤੇ ਉੱਚੀਆਂ ਆਵਾਜ਼ਾਂ ਅਤੇ ਬੇਤਾਲ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਦਾ ਪ੍ਰਭਾਵ ਸੱਜਦਾ ਨਹੀਂ, ਖਿੰਡ ਜਾਂਦਾ ਹੈ। ਗੁਰਬਾਣੀ ਕੀਰਤਨ ਬਹੁਤ ਮਿਹਨਤ ਤੇ ਰਿਆਜ਼ ਦੀ ਕਲਾ ਹੈ ਜਿਹੜੀ ਸਰੋਤਿਆਂ ਨੂੰ ਮੰਤਰ ਮੁਗਧ ਕਰਨ ਦੀ ਸ਼ਕਤੀ ਤੇ ਸਮਰਥਾ ਰੱਖਦੀ ਹੈ। ਕਈ ਵੇਰ ਇਕੱਲਿਆਂ ਬੈਠ ਕੇ ਰੇਡੀਓ ਜਾਂ ਕੈਸਟਾਂ ਰਾਹੀਂ ਪ੍ਰਸਾਰਿਤ ਹੁੰਦਾ ਕੀਰਤਨ ਤੁਹਾਡੇ ਅੰਦਰਲੇ ਸੰਸਾਰ ਨੂੰ ਵਧੇਰੇ ਤ੍ਰਿਪਤ ਕਰਦਾ ਹੈ। ਲੋੜ ਵੇਲੇ ਪ੍ਰਾਪਤ ਹੋਈ ਵਸਤ ਵਧੇਰੇ ਪਿਆਰੀ ਜਾਪਦੀ ਹੈ। ਇਹੋ ਗੱਲ ਕੀਰਤਨ ਸੁਣਨ ਦੀ ਅਵਸਥਾ 'ਤੇ ਵੀ ਲਾਗੂ ਹੁੰਦੀ ਹੈ। ਗੁਰਬਾਣੀ ਕੀਰਤਨ ਸੰਵੇਦਨਾ ਦਾ ਪ੍ਰਵਾਹ ਹੈ ਜਿਸ ਵਿੱਚ ਮਨੁੱਖ ਦੀਆਂ ਰੁਚੀਆਂ ਕੋਮਲਤਾ ਦਾ ਅਹਿਸਾਸ ਹਾਸਲ ਕਰਦੀਆਂ ਹਨ। ਕਠੋਰਤਾ ਅਤੇ ਅਹੰਕਾਰ ਦੇ ਪੱਥਰ, ਤ੍ਰੇਲ ਤੁਪਕਿਆਂ ਦਾ ਰੂਪ ਧਾਰ ਲੈਂਦੇ ਹਨ। ਇਹ ਗੁਰਬਾਣੀ ਕੀਰਤਨ ਦੀ ਹੀ ਅਲੌਕਿਕਤਾ ਸੀ ਕਿ ਬਾਬੇ ਨਾਨਕ ਦੇ ਬੋਲਾਂ ਨੇ ਵਲੀ ਕੰਧਾਰੀ ਤੇ ਕੌਡੇ ਰਾਕਸ਼ ਵਰਗਿਆਂ ਨੂੰ ਇਨਸਾਨੀਅਤ ਬਖ਼ਸ਼ੀ। ਕਹਿੰਦੇ ਨੇ ਸੰਗੀਤ ਪੱਥਰਾਂ ਨੂੰ ਪਿਘਲਾ ਦੇਂਦਾ ਹੈ। ਮੇਘਲੇ ਲਿਆ ਸਕਦਾ ਹੈ। ਬਨਸਪਤ ਖਿੜਾ ਸਕਦਾ ਹੈ। ਵਣ-ਤ੍ਰਿਣ ਮੌਲਣ ਲਾ ਸਕਦਾ ਹੈ। ਪਰੰਤੂ ਗੁਰਬਾਣੀ ਕੀਰਤਨ ਦਾ ਸੰਗੀਤ ਤਾਂ ਹੋਰ ਵੀ ਸ਼ਕਤੀਸ਼ਾਲੀ ਹੈ। ਸ਼ਬਦ ਦੀ ਮਹਿਮਾ ਜਦੋਂ ਸੰਗੀਤ ਰਾਹੀਂ ਆਵਾਜ਼ ਦੇਂਦੀ ਹੈ ਤਾਂ ਆਤਮਾ ਅਤੇ ਪ੍ਰਮਾਤਮਾ ਦਾ ਬ੍ਰਹਿਮੰਡੀ ਸੁਮੇਲ ਹੁੰਦਾ ਹੈ। ਆਂਤਰਿਕ ਅਕਾਂਖਿਆ ਪ੍ਰਜਵੱਲਤ ਹੁੰਦੀ ਹੈ। ਗਿਆਨ ਇੰਦਰੀਆਂ ਦੀ ਇਕਾਗਰਤਾ ਕੇਂਦਰਤ ਹੁੰਦੀ ਹੈ ਤੇ ਮਨੁੱਖੀ-ਸਵੈ ਕੀਰਤਨ 'ਚ ਅਲਿਪਤ ਹੋ ਜਾਂਦਾ ਹੈ। ਇਸ ਤੋਂ ਵੀ ਹੋਰ ਅੱਗੇ ਜਦੋਂ ਗੁਰਬਾਣੀ ਦੇ ਅਰਥ ਸੰਚਾਰ ਤੁਹਾਡੇ ਤੱਕ ਪੁੱਜਦੇ ਹੋ ਜਾਣ ਤਾਂ ਸਹਿਜ ਅਵਸਥਾ ਵਰਗਾ ਅਨੰਦ ਪ੍ਰਾਪਤ ਹੁੰਦਾ ਹੈ। ਇਹੋ ਗੁਰਬਾਣੀ ਕੀਰਤਨ ਦੀ ਮਹਿਮਾ ਹੈ ਜੋ ਮਹਿਸੂਸ ਹੀ ਕੀਤੀ ਜਾ ਸਕਦੀ ਹੈ ਗਣੀ ਨਹੀਂ ਜਾ ਸਕਦੀ। ਗੁਰੂ ਸਾਹਿਬਾਨ ਦਾ ਵਰੋਸਾਇਆ ਇਹ ਗੁਰਬਾਣੀ ਕੀਰਤਨ ਦਾ ਵਿਰਸਾ ਸਾਡੇ ਲਈ ਗੌਰਵਮਈ ਹੈ। ☬


### ਗੁਰੂ ਹਰਿ ਰਾਇ ਨੇਤਰਹੀਣ ਕੋਮਲ ਕਲਾ ਕੇਂਦਰ

ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤ ਨੇਤਰਹੀਣ ਸੇਵਕ ਸਮਾਜ ਬਰਾਂਚ ਹੁਸ਼ਿਆਰਪੁਰ ਰਜਿ. ਨੰ: ੨੩ ਵਲੋਂ ਮਹੱਲਾ ਫਤਿਹਗੜ੍ਹ ਰਹੀਮਪੁਰ ਰੋਡ, ਹੁਸ਼ਿਆਰਪੁਰ ਵਿਖੇ ਸੰਗੀਤ ਅਤੇ ਕਵਿਤਾ ਦੇ ਮਹਾਨ ਉਸਤਾਦ ਸੱਚ ਖੰਡ ਵਾਸੀ ਪ੍ਰੋਫੈਸਰ ਦਰਸ਼ਨ ਸਿੰਘ ਜੀ ਕੋਮਲ ਨੰਗਲ ਕਲਾਂ ਦੀ ਯਾਦ ਵਿੱਚ ਨੇਤਰਹੀਣ ਅਤੇ ਲਾਵਾਰਸ ਲੋੜਵੰਦਾਂ ਲਈ ਇੱਕ ਆਸ਼ਰਮ ਖੋਲ੍ਹਿਆ ਜਾ ਰਿਹਾ ਹੈ। ਜਿਸ ਵਿੱਚ ਨੇਤਰਹੀਣਾਂ ਅਤੇ ਯਤੀਮਾਂ ਨੂੰ ਸ਼ਾਸਤਰੀ ਸੰਗੀਤ ਅਤੇ ਨਿਰੋਲ ਕੀਰਤਨ ਦੀ ਸਿੱਖਿਆ, ਭੋਜਨ ਅਤੇ ਰਿਹਾਇਸ਼ ਦਾ ਪ੍ਰਬੰਧ ਮੁਫਤ ਕੀਤਾ ਜਾਵੇਗਾ।

ਇਸ ਤੋਂ ਬਿਨਾਂ ਇੱਕ ਵਰਕਸ਼ਾਪ ਜਿਸ ਵਿੱਚ ਮਾਚਸ, ਮੋਮਬੱਤੀਆਂ, ਕੁਰਸੀਆਂ ਟੋਕਰੀਆਂ, ਲਿਫਾਫੇ ਆਦਿ ਬਣਾਨ ਦੀ ਸਿੱਖਿਆ ਅਤੇ ਰੁਜ਼ਗਾਰ ਦਿੱਤਾ ਜਾਵੇਗਾ। ਇਸ ਲਈ ਆਪਣੀ ਨੇਕ ਕਮਾਈ ਵਿੱਚੋਂ ਇਸ ਆਸ਼ਰਮ ਨੂੰ ਮਾਇਆ, ਬਸਤਰ, ਬਰਤਨ ਅਤੇ ਰਾਸ਼ਨ ਆਦਿ ਦੇ ਕੇ ਨੇਤਰਹੀਣਾਂ ਦੀ ਸਹਾਇਤਾ ਕਰੋ ਜੀ।

ਪ੍ਰਧਾਨ : ਗਿਆਨੀ ਦੀਦਾਰ ਸਿੰਘ ਨੰਗਲ ਖੁਰਦ।

ਜਨਰਲ ਸਕੱਤਰ : ਪ੍ਰਿੰਸੀਪਲ ਚੰਨਣ ਸਿੰਘ ਮਜਬੂਰ ਮਹੱਲਾ, ਪ੍ਰੇਮਗੜ੍ਹ, ਹੁਸ਼ਿਆਰਪੁਰ।

# ਗੁਰਬਾਣੀ ਗਾਇਨ ਪਰੰਪਰਾ

ਗਿਆਨੀ ਆਵਤ ਸਿੰਘ
11/2 Old Rajinder Nagar, New Delhi 110 060

ਜਿਸ ਤਰ੍ਹਾਂ ਫੁੱਲ ਦੀ ਸੁੰਦਰਤਾ ਉਸ ਦੀ ਸੁਗੰਧ ਦੁਆਰਾ ਸਾਨੂੰ ਵਧੇਰੇ ਮੋਹ ਲੈਂਦੀ ਹੈ ਉਸੇ ਤਰ੍ਹਾਂ ਸੰਗੀਤ ਵਿੱਚ ਗਾਇਨ ਕੀਤੀ ਗੁਰਬਾਣੀ ਸਾਡੀ ਅੰਤਰ-ਆਤਮਾ ਨੂੰ ਪ੍ਰਫੁਲਤ ਕਰਕੇ ਮਨ ਨੂੰ ਇਕਾਗ੍ਰਤ ਕਰ ਦੇਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਉਪਰੰਤ

*'ਗੁਰਬਾਣੀ ਗਾਵਉ ਭਾਈ,*
*ਉਹ ਸਫਲ ਸਦਾ ਸੁਖ ਦਾਈ'*

ਪ੍ਰਚਲਤ ਕਰਨ ਵਿੱਚ ਬਹੁਤ ਵੱਡੀ ਮੁਸ਼ਕਲ ਸਾਹਮਣੇ ਆਈ। ਉਸ ਸਮੇਂ ਗਾਇਨ ਅਤੇ ਵਾਦਨ ਆਮ ਨਹੀਂ ਸੀ। ਇਹ ਖਾਸ ਲੋਕਾਂ ਦੇ ਹੱਥਾਂ ਵਿੱਚ ਸੀ। ਉਨ੍ਹਾਂ ਲੋਕਾਂ ਨੂੰ ਸਮਾਜ ਵਿੱਚ ਨੀਵਾਂ ਸਮਝਿਆ ਜਾਂਦਾ ਸੀ। ਗਾਇਨ ਕਰਨ ਵਾਲੀ ਸ਼੍ਰੇਣੀ ਨੂੰ ਮਰਾਸੀ ਯਾ ਰਬਾਬੀ ਕਰਕੇ ਬੁਲਾਇਆ ਜਾਂਦਾ ਸੀ। ਦੂਜੇ ਪਾਸੇ ਵਾਦਨ ਵਿੱਚ ਕੇਵਲ ਇੱਕੋ ਸਾਜ਼ ਸੀ 'ਸਾਰੰਗੀ' ਦੂਜੇ ਸਾਜ਼ ਵੀ ਸਨ ਪਰ ਗਾਇਨ ਵੇਲੇ ਸਾਰੰਗੀ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਅੱਜ ਵੀ ਗਾਇਨ ਵੇਲੇ ਗਜ਼ ਨਾਲ ਵਜਾਉਣ ਵਾਲੇ ਸਾਜ਼ ਸਾਰੰਗੀ, ਸਾਰੰਦਾ, ਦਿਲਰੁਬਾ ਅਤੇ ਵਾਇਲਨ ਦੀ ਵਰਤੋਂ ਕੀਤੀ ਜਾਂਦੀ ਹੈ। ਸਾਰੰਗੀ ਖਾਸ ਪੇਸ਼ੇਵਰ ਲੋਕ ਹੀ ਵਜਾਉਂਦੇ ਸਨ। ਇਸ ਕਰਕੇ ਇਸ ਸਾਜ਼ ਨੂੰ ਵੀ ਇੱਜ਼ਤ ਨਾਲ ਨਹੀਂ ਸੀ ਵੇਖਿਆ ਜਾਂਦਾ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੰਗੀ ਦੀ ਥਾਂ ਸਰੰਦੇ ਤੇ ਗਾਇਨ ਕਰਨ ਲਈ ਸੰਗਤ ਨੂੰ ਪ੍ਰੇਰਿਆ, ਨਾਲ ਹੀ ਰਬਾਬੀਆਂ ਨੂੰ ਆਖਿਆ ਗਿਆ ਕਿ ਉਹ ਸਰੰਦੇ ਤੇ ਕੀਰਤਨ ਕਰਨ। ਹੌਲੀ ਹੌਲੀ ਸੰਗਤਾਂ ਸਰੰਦੇ ਤੇ ਕੀਰਤਨ ਕਰਨ ਲਗ ਪਈਆਂ। ਦੋਵੇਂ ਸਾਜ਼ ਭਾਵੇਂ ਕਠਨ ਹਨ ਆਮ ਹਰ ਕੋਈ ਨਹੀਂ ਵਜਾ ਸਕਦਾ ਲੇਕਿਨ ਇੱਕ ਦੀ ਸ਼ੁਰੂਆਤ ਹੋ ਗਈ।

1. ਗੁਰੂ ਨਾਨਕ ਦੇਵ ਜੀ ਦੇ ਹਜ਼ੂਰ ਰਬਾਬੀ ਭਾਈ ਮਰਦਾਨਾ ਕੀਰਤਨੀਆ ਸੀ।

2. ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਸਾਦੂ ਤੇ ਭਾਈ ਬਾਦੂ ਰਬਾਬੀ ਕੀਰਤਨੀਏ ਸਨ।

3. ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸੱਤਾ ਤੇ ਬਲਵੰਡ ਹਜ਼ੂਰੀ ਰਬਾਬੀ ਸਨ।

4. ਗੁਰੂ ਹਰਗੋਬਿੰਦ ਸਾਹਿਬ ਜੀ ਦੇ ਕੀਰਤਨੀਏ ਰਬਾਬੀ ਭਾਈ ਬਬਾਕ, ਭਾਈ ਅਬਦੁਲਾ ਤੇ ਭਾਈ ਨਥਮਲ ਸਨ।

ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਗਾਇਨ ਕਰਨ ਲਈ ਰਾਗਾਂ ਦੀ ਤਰਤੀਬ ਵੀ ਦਿੱਤੀ ਲੇਕਿਨ ਉਸ ਵੇਲੇ ਧ੍ਰੁਰਪਦ, ਧਮਾਰ, ਪੜਤਾਲ ਗਾਇਨ ਸ਼ੈਲੀਆਂ ਵਜੂਦ ਵਿੱਚ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਖਿਆਲ ਗਾਇਕੀ ਦੀ ਵਰਤੋਂ ਵੀ ਸ਼ੁਰੂ ਹੋ ਗਈ, ਇਨ੍ਹਾਂ ਤੋਂ ਇਲਾਵਾ ਸਾਧਾਰਣ ਲੋਕਪ੍ਰਿਅ ਧੁਨਾਂ, ਟੁੰਡੇ ਅਸਰਾਜੇ ਕੀ ਧੁਨੀ, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ, ਰਾਇ ਕਮਾਲ ਮੌਜਦੀ ਕੀ ਧੁਨੀ, ਸਿਕੰਦਰ ਬਿਰਾਹਮ ਕੀ ਧੁਨੀ। ਇਸ ਤਰ੍ਹਾਂ ਗੁਰਬਾਣੀ ਵਿੱਚ ਵਾਰਾਂ ਗਾਉਣ ਲਈ ਨੌ ਧੁਨਾਂ ਹਨ। ਨਾਲ ਹੀ ਅਲਾਹੁਣੀਆਂ, ਬਿਰਹੜੇ ਘੋੜੀਆਂ ਆਦਿ ਲੋਕ ਧੁਨਾਂ ਤੇ ਕੀਰਤਨ ਗਾਇਨ ਕਰਨ ਦਾ ਪ੍ਰਚਲਨ ਸੀ। ਗੁਰਬਾਣੀ ਗਾਇਨ ਆਮ ਲੋਕਾਂ ਤੱਕ ਨਹੀਂ ਪਹੁੰਚ ਸਕਿਆ, ਖਾਸ ਸ਼੍ਰੇਣੀ ਦੇ ਹੱਥਾਂ ਵਿੱਚ ਹੀ ਸੀ। ਇਸ ਦੇ ਕਈ ਕਾਰਣ ਸਨ।

1. ਮੁੱਖ ਕਾਰਣ ਮੁਸਲਮਾਨੀ ਸਭਿਅਤਾ, ਮੁਸਲਮਾਨਾਂ ਵਿੱਚ ਜਿੱਥੇ ਮਸਜਦਾਂ ਵਿੱਚ ਗਾਉਣਾ ਮਨ੍ਹਾ ਹੈ ਉੱਥੇ ਗਾਇਨ ਨੂੰ ਬਹੁਤ ਨੀਵਾਂ ਦਰਜਾ ਦਿੱਤਾ ਗਿਆ ਹੈ। ਔਰੰਗਜੇਬ ਨੇ ਤੇ ਗਾਇਨ ਕਲਾ ਤੇ ਪਾਬੰਦੀ ਲਗਾ ਦਿੱਤੀ ਸੀ।

2. ਦੂਜਾ ਕਾਰਣ ਸਰੰਦਾ, ਸਾਰੰਗੀ ਵਰਗੇ ਕਠਨ ਸਾਜ਼।

3. ਤੀਜਾ ਕਾਰਣ ਆਮ ਲੋਕਾਂ ਲਈ ਸਿਖਲਾਈ ਕੇਂਦਰਾਂ ਦੀ ਘਾਟ।

4. ਚੌਥਾ ਕਾਰਣ ਗਾਇਨ ਕਲਾ ਨੂੰ ਨੀਵਾਂ ਸਮਝਿਆ ਜਾਂਦਾ ਸੀ ਇਸ ਕਰਕੇ ਨੀਵੀਂ ਜਾਤੀ ਦੇ ਲੋਕ ਹੀ ਗਾਂਦੇ ਸਨ। ਇਸ ਤਰ੍ਹਾਂ ਗਾਉਣ ਦੀ ਕਲਾ ਖਾਸ ਲੋਕਾਂ ਤੱਕ ਹੀ ਸੀਮਿਤ ਸੀ।

1947 ਤੱਕ ਮੁੱਖ ਗੁਰਦੁਆਰਿਆਂ ਵਿੱਚ ਮੁਸਲਮਾਨ ਰਬਾਬੀ ਕੀਰਤਨ ਕਰਦੇ ਸਨ। ਕੁਝ ਮਸ਼ਹੂਰ ਰਬਾਬੀਆਂ ਦੇ ਨਾਂ ਜੋ ਦਾਸ ਨੂੰ ਚੇਤੇ ਹਨ -ਭਾਈ ਚਾਂਦ, ਭਾਈ ਲਾਲ, ਭਾਈ ਸਾਈਂ ਦਿੱਤਾ, ਭਾਈ ਦੇਸਾ, ਭਾਈ ਗੁਲਾਬ, ਭਾਈ ਮੋਤੀ, ਭਾਈ ਤਾਬਾ ਆਦਿ। ਪਾਕਿਸਤਾਨ ਬਣਨ ਤੇ ਇਹ ਸਾਰੇ ਉੱਥੇ ਚਲੇ ਗਏ। ਰਬਾਬੀਆਂ ਦਾ ਕੀਰਤਨੀ ਜਥਾ ਚਾਰ ਦਾ ਹੁੰਦਾ ਸੀ ਇੱਕ ਮੁੱਖ ਰਬਾਬੀ ਇੱਕ ਤਬਲੇ ਤੇ

ਅਤੇ ਬਾਕੀ ਦੇ ਦੋ ਸਾਜ਼ ਵਜਾਉਂਦੇ ਸਨ। ਪੁਰਾਤਨ ਸਮੇਂ ਗਜ਼ ਨਾਲ ਵਜਾਉਣ ਵਾਲੇ ਸਾਜ਼ਾਂ ਤੇ ਹੀ ਕੀਰਤਨ ਹੁੰਦਾ ਸੀ।

1920 ਦੇ ਆਸ ਪਾਸ ਜਦ ਜਰਮਨੀ ਤੋਂ ਭਾਰਤ ਵਿੱਚ ਹਰਮੋਨੀਅਮ ਵਜੂਦ ਵਿੱਚ ਆਇਆ ਤਾਂ ਹੌਲੀ ਹੌਲੀ ਗਜ ਨਾਲ ਵਜਣ ਵਾਲੇ ਸਾਜ਼ ਅਲੋਪ ਹੁੰਦੇ ਗਏ ਭਾਵ ਉਨ੍ਹਾਂ ਦੀ ਵਰਤੋਂ ਘਟ ਗਈ। ਅੱਜ ਸੰਗੀਤ ਸਾਜ਼ਾਂ ਵਿੱਚ ਹਰਮੋਨੀਅਮ ਦੀ ਪ੍ਰਧਾਨਤਾ ਹੈ।

ਅਜੋਕੇ ਸਮੇਂ ਜਿੱਥੇ ਸਿੱਖ ਸੰਗਤਾਂ ਬਹੁਤ ਜਾਗਰੂਕ ਹਨ ਉੱਥੇ ਕੀਰਤਨ ਦੇ ਖੇਤਰ ਵਿੱਚ ਸੰਗਤਾਂ ਬਹੁਤ ਪਿੱਛੇ ਹਨ। ਫਿਰ ਕੀਰਤਨ ਦੀ ਪਰੰਪਰਾ ਖਾਸ ਲੋਕਾਂ ਦੇ ਹੱਥਾਂ ਵਿੱਚ ਹੈ। ਭਾਵ ਰਾਗੀ ਸਿੰਘ, ਰਾਗੀ ਸਿੰਘਾਂ ਦੀ ਭੇਟਾਵਾਂ ਇੰਨੀਆਂ ਹਨ ਕਿ ਆਮ ਗੁਰ ਸਿੱਖ ਦੀ ਪਹੁੰਚ ਤੋਂ ਪਰੇ ਹਨ। ਇਸ ਦਾ ਮੁੱਖ ਕਾਰਣ ਗੁਰਬਾਣੀ ਕੀਰਤਨ ਅਭਿਲਾਖੀਆਂ ਲਈ ਕੀਰਤਨ ਵਿੱਦਿਆ ਕੇਂਦਰਾਂ ਦੀ ਘਾਟ। ਜੇ ਹਰ ਨਗਰ ਜਾਂ ਕਾਲੋਨੀ ਵਿੱਚ ਗੁਰਦੁਆਰੇ ਦੇ ਨਾਲ ਕੀਰਤਨ ਸਿੱਖਿਆ ਕੇਂਦਰ ਹੋਵੇ ਤੇ ਸਿੱਖ ਬੱਚੇ ਬੱਚੀਆਂ ਕੀਰਤਨ ਸਿੱਖ ਕੇ ਕੌਮ ਨੂੰ ਅੱਗੇ ਲੈ ਜਾ ਸਕਦੇ ਹਨ। ਅਸੀਂ ਸੰਗੀਤ ਦੇ ਖੇਤ੍ਰ ਵਿੱਚ ਵੀ ਪਛੜੇ ਹੋਏ ਹਾਂ ਉੱਚ ਕੋਟੀ ਦੇ ਬਹੁਤ ਸਿੱਖ ਗਾਇਕ ਨਹੀਂ।

ਕੀਰਤਨ ਪ੍ਰੇਮੀ ਇਸ ਪੱਖ ਤੇ ਧਿਆਨ ਦੇਣ ਤਾਂ ਗੁਰਬਾਣੀ ਕੀਰਤਨ ਪਰੰਪਰਾ ਵਿੱਚ ਵਾਧਾ ਹੋ ਸਕੇਗਾ, ਨਾਲ ਹੀ ਸਿੱਖ ਸੰਗਤ ਨੂੰ ਇਸ ਦਾ ਲਾਭ ਮਿਲ ਸਕੇਗਾ। ☬

## ਜਰੂਰੀ ਸੂਚਨਾ

ਜਿਹੜੇ ਪਾਠਕ-ਜਨ 'ਅੰਮ੍ਰਿਤ ਕੀਰਤਨ' ਮੁਫਤ ਪ੍ਰਾਪਤ ਕਰ ਰਹੇ ਹਨ ਉਹਨਾਂ ਪ੍ਰਤੀ ਬੇਨਤੀ ਹੈ ਕਿ ਇਹ ਸੁਵਿਧਾ ਕੇਵਲ ਇੱਕ ਸਾਲ ਲਈ ਹੈ। ਇੱਕ ਸਾਲ ਤੋਂ ਬਾਅਦ ਜੇਕਰ ਉਹ ਇਸ ਪਰਚੇ ਨੂੰ ਜਾਰੀ ਰੱਖਣਾ ਚਾਹੁੰਦੇ ਹਨ ਤਾਂ ਆਪਣਾ ਚੰਦਾ ਭੇਜਣ ਦੀ ਖੇਚਲ ਕਰਨ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇਗਾ ਜੀ।

'ਅੰਮ੍ਰਿਤ ਕੀਰਤਨ ਟਰਸਟ' 422, ਸੈਕਟਰ 15-ਏ, ਚੰਡੀਗੜ੍ਹ



# ਸੰਗੀਤ

ਡਾ. ਗੁਰਮੁਖ ਸਿੰਘ ਸਹਿਗਲ
# 144/8, ਮੁਹੱਲਾ ਅਰੋੜਿਆਂ, ਨੇੜੇ ਸੈਫਾਬਾਦੀ ਗੇਟ, ਪਟਿਆਲਾ

ਸੰਗੀਤ ਇੱਕ ਕੋਮਲ ਕਲਾ ਹੈ। ਕੋਮਲ ਕਲਾ ਦਾ ਮੰਤਵ ਮਨੁੱਖ ਦੇ ਕੋਮਲ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਸਾਹਿਤ, ਚਿੱਤਰਕਾਰੀ, ਬੁੱਤ ਤਰਾਸ਼ੀ ਅਤੇ ਨ੍ਰਿਤ ਵੀ ਸੰਗੀਤ ਵਾਂਗ ਕੋਮਲ ਕਲਾਵਾਂ ਹਨ। ਪਰ ਇਹਨਾਂ ਦੇ ਪ੍ਰਗਟਾਉਣ ਦੇ ਮਾਧਿਅਮ ਵਿੱਚ ਫ਼ਰਕ ਹੈ। ਸਾਹਿਤ ਦਾ ਮਾਧਿਅਮ ਸ਼ਬਦ ਹੈ, ਇਸੇ ਤਰ੍ਹਾਂ ਬੁੱਤ-ਤਰਾਸ਼ੀ ਵਿੱਚ ਕਲਾਕਾਰ ਹਥੌੜੀ ਤੇ ਛੈਣੀ ਰਾਹੀਂ ਪੱਥਰ ਨੂੰ ਤਰਾਸ਼ਦਾ ਹੈ ਅਤੇ ਨ੍ਰਿਤਕਾਰ ਸਰੀਰਕ ਮੁਦਰਾਵਾਂ ਰਾਹੀਂ ਆਪਣੇ ਮਨ ਦੇ ਕੋਮਲ ਤੇ ਸੂਖਮ ਭਾਵਾਂ ਨੂੰ ਪ੍ਰਗਟਾਉਂਦਾ ਹੈ। ਸੰਗੀਤ ਦਾ ਮਾਧਿਅਮ 'ਸੁਰ' ਹੈ। ਸੁਰਾਂ ਰਾਹੀਂ ਸੰਗੀਤਕਾਰ ਆਪਣੇ ਮਨ ਦੇ ਕੋਮਲ ਭਾਵਾਂ ਨੂੰ ਪ੍ਰਗਟ ਕਰਦਾ ਹੈ।

ਸੰਗੀਤ ਦਾ ਆਧਾਰ ਨਾਦ (sound) ਅਤੇ ਲੈਅ ਹੈ। ਨਾਦ ਤੋਂ ਸੁਰਾਂ ਦੀ ਉਤਪਤੀ ਹੁੰਦੀ ਹੈ ਅਤੇ ਲੈਅ ਤੋਂ ਵੱਖ-ਵੱਖ ਤਾਲਾਂ ਦੀ ਸਿਰਜਨਾ ਕੀਤੀ ਗਈ ਹੈ। ਸੁਰ ਅਤੇ ਲੈਅ ਉੱਤੇ ਪੂਰੀ ਤਰ੍ਹਾਂ ਕਾਬੂ ਹੋਣਾ ਇੱਕ ਉੱਚੇ ਸੰਗੀਤਕਾਰ ਦੀ ਵਿਸ਼ੇਸਤਾ ਹੈ। ਅਸੀਂ ਕਹਿ ਸਕਦੇ ਹਾਂ ਕਿ ਸੰਗੀਤ ਇੱਕ ਅਜਿਹੀ ਖਿੱਚ ਭਰਪੂਰ ਕਲਾ ਹੈ ਜਿਸ ਰਾਹੀਂ ਸੰਗੀਤਕਾਰ ਆਪਣੇ ਮਨ ਦੀਆਂ ਕੋਮਲ ਭਾਵਨਾਵਾਂ ਨੂੰ ਸੁਰ ਅਤੇ ਲੈਅ ਦੇ ਮਾਧਿਅਮ ਰਾਹੀਂ ਬੜੇ ਹੀ ਸੁਹਜਾਤਮਕ ਤੇ ਸੁੰਦਰ ਰੂਪ ਵਿੱਚ ਪ੍ਰਗਟ ਕਰਦਾ ਹੈ।

ਸੰਗੀਤ ਦੇ ਸਤ ਸੁਰਾਂ (ਸਾ, ਰੇ, ਗਾ, ਮਾ, ਪਾ, ਧਾ, ਨੀ) ਦੀ ਉਤਪਤੀ ਬਾਰੇ ਕਈ ਪੁਰਾਤਨ ਪੁਸਤਕਾਂ ਵਿੱਚ ਬੜੀਆਂ ਦਿਲਚਸਪ ਗੱਲਾਂ ਦਾ ਵਰਣਨ ਆਉਂਦਾ ਹੈ। ਸ਼ਿਵ ਪੁਰਾਣ ਵਿੱਚ ਇੱਕ ਕਥਾ ਆਉਂਦੀ ਹੈ ਕਿ ਸ਼ਿਵ ਜੀ ਨੇ ਅਨੇਕ ਮੂੰਹਾਂ ਤੋਂ ਵੱਖ ਵੱਖ ਸੁਰਾਂ ਦੀ ਸਿਰਜਨਾ ਕੀਤੀ।

ਫ਼ਾਰਸੀ ਵਿੱਚ ਹਜ਼ਰਤ ਮੂਸਾ ਦੇ ਨਾਲ ਸਬੰਧਤ ਇੱਕ ਕਹਾਣੀ ਦੱਸੀ ਜਾਂਦੀ ਹੈ ਕਿ ਹਜ਼ਰਤ ਮੂਸਾ ਨੂੰ ਜੰਗਲ ਵਿੱਚੋਂ ਇੱਕ ਪੱਥਰ ਮਿਲਿਆ। ਉਹ ਪੱਥਰ ਉਸ ਨੇ ਸਾਂਭ ਕੇ ਆਪਣੇ ਕੋਲ ਰੱਖ ਲਿਆ। ਇੱਕ ਦਿਨ ਬਾਰਸ਼ ਪੈਣ ਤੇ ਉਸ ਪੱਥਰ ਦੇ ਸੱਤ ਟੁਕੜੇ ਹੋ ਗਏ ਅਤੇ ਹਰ ਇੱਕ ਟੁਕੜੇ ਤੇ ਬਾਰਸ਼ ਦੀਆਂ ਕਣੀਆਂ ਪੈਣ ਨਾਲ ਵੱਖ-ਵੱਖ ਸੱਤ ਸੁਰ ਹੋਂਦ ਵਿੱਚ ਆਏ। ਫ਼ਾਰਸੀ ਵਿੱਚ ਇੱਕ ਹੋਰ ਕਹਾਣੀ ਵੀ ਪ੍ਰਚਲਿਤ ਹੈ। ਇੱਕ ਪੰਛੀ ਜਿਸ ਦਾ ਨਾਂ 'ਆਤਸ਼ਜਨਾ' ਹੈ, ਦੀ ਚੁੰਝ ਵਿੱਚ ਸੱਤ ਸੁਰਾਖ ਹਨ। ਇਹ ਪੰਛੀ ਜਦੋਂ ਚਹਿਚਹਾਉਂਦਾ ਹੈ ਤਾਂ ਇਨ੍ਹਾਂ ਸੁਰਾਖਾਂ ਵਿੱਚੋਂ ਸੱਤ ਵੱਖ-ਵੱਖ ਸੁਰ ਨਿਕਲਦੇ ਹਨ। ਕਈ ਵਿਦਵਾਨਾਂ ਨੇ ਵੱਖ-ਵੱਖ ਪੰਛੀਆਂ ਤੇ ਪਸ਼ੂਆਂ ਦੀਆਂ ਆਵਾਜ਼ਾਂ ਤੋਂ ਸੁਰਾਂ ਦੀ ਉਤਪਤੀ ਮੰਨੀ ਹੈ ਜਿਵੇਂ ਮੋਰ ਦੀ ਆਵਾਜ਼ ਤੋਂ 'ਸਾ', ਪਪੀਹੇ ਦੀ ਆਵਾਜ਼ ਤੋਂ 'ਰੇ' ਬੱਕਰੇ ਦੀ ਆਵਾਜ਼ ਤੋਂ 'ਗਾ' ਚਕੋਰ ਪੰਛੀ ਦੀ ਆਵਾਜ਼ ਤੋਂ 'ਮਾ', ਕੋਇਲ ਦੀ ਆਵਾਜ਼ ਤੋਂ 'ਪਾ', ਡੱਡੂ ਦੀ ਆਵਾਜ਼ ਤੋਂ 'ਧਾ' ਅਤੇ ਹਾਥੀ ਦੀ ਆਵਾਜ਼ ਤੋਂ ਹੀ 'ਨੀ' ਸੁਰਾਂ ਦੀ ਉਤਪਤੀ ਮੰਨੀ ਗਈ ਹੈ।

ਭਾਰਤੀ ਸ਼ਾਸਤਰਾਂ ਅਨੁਸਾਰ ਸੰਗੀਤ ਸ਼ਬਦ ਦੇ ਅਰਥ ਬੜੇ ਵਿਸ਼ਾਲ ਹਨ, 'ਸਾਰੰਗ ਦੇਵ' ਨੇ ਆਪਣੇ ਸੰਗੀਤ ਰਤਨਾਕਰ ਗ੍ਰੰਥ ਵਿੱਚ ਗਾਇਨ ਵਾਦਨ ਅਤੇ ਨ੍ਰਿਤ ਤਿੰਨਾਂ ਦੇ ਮਿਸ਼ਰਣ ਨੂੰ ਸੰਗੀਤ ਕਿਹਾ ਹੈ। ਇਸ ਵਿੱਚ ਨ੍ਰਿਤ ਵਾਦਨ ਦੇ ਅਧੀਨ ਹੈ ਅਤੇ ਵਾਦਨ ਗਾਇਨ ਦੇ ਅਧੀਨ ਹੈ। ਇਸ ਤਰ੍ਹਾਂ ਗਾਇਨ ਦਾ ਭਾਰਤੀ ਸੰਗੀਤ ਵਿੱਚ ਪ੍ਰਮੁੱਖ ਸਥਾਨ ਹੈ।

ਪੱਛਮ ਵਿੱਚ ਸੰਗੀਤ ਲਈ ਮਿਊਜ਼ਿਕ ਸ਼ਬਦ ਵਰਤਿਆ ਗਿਆ ਹੈ, ਮਿਊਜ਼ਿਕ ਸ਼ਬਦ, ਸੰਗੀਤ ਵਾਂਗ ਗਾਇਨ, ਵਾਦਨ ਤੇ ਨ੍ਰਿਤ ਦੇ ਵਿਸ਼ਾਲ ਅਰਥ ਨਹੀਂ ਰੱਖਦਾ। ਮਿਊਜ਼ਿਕ ਤੋਂ ਭਾਵ ਉਹ ਕਲਾ ਜਾਂ ਵਿਗਿਆਨ ਹੈ ਜਿਸ ਵਿੱਚ ਧੁਨੀਆਂ ਦੇ ਸਮੂਹ ਨੂੰ ਇੱਕ ਖਾਸ ਤਰਤੀਬ ਰਾਹੀਂ ਰੂਪ ਦਿੱਤਾ ਜਾਂਦਾ ਹੈ। ਇਸ ਨੂੰ ਸੁਣਨ ਲੱਗਿਆਂ ਇਕਸੁਰਤਾ (harmony) ਅਤੇ ਮਧੁਰਤਾ (melody) ਦਾ ਪ੍ਰਭਾਵ ਪੈਂਦਾ ਹੈ।

ਭਾਰਤੀ ਸੰਸਕ੍ਰਿਤੀ ਵਿੱਚ ਸੁਰ ਦੀ ਬੜੀ ਮਹੱਤਤਾ ਸਮਝੀ ਗਈ ਹੈ। ਪੁਰਾਤਨ ਰਿਸ਼ੀ-ਮੁਨੀ ਅਤੇ ਜੋਗੀ ਲੋਕ ਸੁਰ ਨੂੰ ਦੇਵਤਾ ਮੰਨਦੇ ਸਨ। ਸੁਰ ਨੂੰ ਵਸ ਕਰਨਾ ਕਿਸੇ ਦੈਵੀ ਸ਼ਕਤੀ ਤੋਂ ਘੱਟ ਨਹੀਂ ਸੀ ਗਿਣਿਆ ਜਾਂਦਾ। ਸੁਰ ਰਾਹੀਂ ਹੀ ਆਤਮ-ਸ਼ੁਧਤਾ ਪ੍ਰਾਪਤ ਕੀਤੀ ਜਾਂਦੀ ਹੈ। ਵੇਦਾਂ ਤੇ ਉਪਨਿਸ਼ਦਾਂ ਵਿੱਚ ਨਾਦ (ਸੁਰ) ਦੇ ਗੁਣ ਗਾਏ ਗਏ ਹਨ। ਪੰਜਾਬ ਦੀ ਧਰਤੀ ਉੱਤੇ ਗੁਰੂ ਸਾਹਿਬਾਂ ਦੀ ਬਾਣੀ ਵਿੱਚ ਨਾਦ ਦੀ ਉਪਮਾ ਕੀਤੀ ਗਈ ਹੈ ਅਤੇ ਨਾਦ ਦੀ ਪਛਾਣ ਪ੍ਰਭੂ ਦੇ ਹੁਕਮ ਦੀ ਪਛਾਣ ਦੇ ਬਰਾਬਰ ਹੈ। ਗੁਰਬਾਣੀ ਵਿੱਚ ਆਇਆ ਹੈ-

*ਰਾਗੁ ਨਾਦੁ ਸਭੁ ਸਚੁ ਹੈ*
*ਕੀਮਤ ਕਹੀ ਨ ਜਾਇ।*
*ਰਾਗੈ ਨਾਦੈ ਬਾਹਰਾ*

*ਇਨੀ ਹੁਕਮੁ ਨਾ ਬੁਝਿਆ ਜਾਇ॥*

ਸਲੋਕ ਮਹਲਾ ੪ ਪੰਨਾ ੧੪੨੩

ਸੰਗੀਤ ਨੂੰ ਰੱਬ ਦੀ ਖ਼ੁਰਾਕ ਮੰਨਿਆ ਗਿਆ ਹੈ। ਰਾਗ ਤੇ ਰਾਗਣੀਆਂ ਰੱਬ ਦਾ ਪਰਵਾਰ ਹਨ। ਇਸ ਤਰ੍ਹਾਂ ਨਾਦ ਅਥਵਾ ਸੁਰ ਨੂੰ ਇੱਕ ਬਹੁਤ ਵੱਡੀ ਸ਼ਕਤੀ ਮੰਨਿਆ ਗਿਆ ਹੈ। ਸੰਗੀਤ ਦਾ ਆਧਾਰ ਕਿਉਂਕਿ ਨਾਦ ਹੈ ਇਸ ਲਈ ਸੰਗੀਤ ਵੀ ਮਹਾਨ ਹੈ। ਯੂਨਾਨ ਦਾ ਪ੍ਰਸਿੱਧ ਫ਼ਿਲਾਸਫਰ ਪਲੈਟੋ ਆਪਣੀ ਪੁਸਤਕ 'ਰੀਪਬਲਿਕ' ਵਿੱਚ ਸੰਗੀਤ ਬਾਰੇ ਕਹਿੰਦਾ ਹੈ ਕਿ ਸੰਗੀਤ ਦਾ ਨਿਵਾਸ ਮਨੁੱਖੀ ਆਤਮਾ ਦੀਆਂ ਡੂੰਘਿਆਈਆਂ ਵਿੱਚ ਹੈ।

**ਪੱਛਮੀ ਸੰਗੀਤ ਦਾ ਵਿਕਾਸ :**

ਜੇਕਰ ਸਮੁੱਚੇ ਸੰਸਾਰ ਵਿੱਚ ਮਨੁੱਖੀ ਸਭਿਅਤਾ ਦੇ ਮੁੱਢ ਅਤੇ ਵਿਕਾਸ ਬਾਰੇ ਖੋਜ ਕੀਤੀ ਜਾਏ ਤਾਂ ਮੁੱਢਲੇ ਮਨੁੱਖੀ ਕਬੀਲਿਆਂ ਵਿੱਚ ਨੱਚਣ ਤੇ ਗਾਉਣ ਦੀ ਰੁਚੀ ਬੜੀ ਪ੍ਰਬਲ ਨਜ਼ਰ ਆਉਂਦੀ ਹੈ। ਮੁੱਢ ਕਦੀਮ ਤੋਂ ਹੀ ਮਨੁੱਖੀ ਸੁਭਾਉ ਦੀ ਇੱਕ ਵਿਸ਼ੇਸ਼ ਤੇ ਮੂਲ ਬਿਰਤੀ ਹੈ। ਸੰਸਾਰ ਭਰ ਵਿੱਚ ਸਭ ਤੋਂ ਪਹਿਲਾਂ ਸੰਗੀਤ ਦਾ ਸਾਜ਼ 'ਢੋਲ' ਹੀ ਕਿਹਾ ਜਾ ਸਕਦਾ ਹੈ। ਇਸ ਉੱਤੇ ਥਾਪ ਮਾਰ ਕੇ ਮਨੁੱਖ ਉਸ ਦੀ ਆਵਾਜ਼ ਨਾਲ ਇਕਸੁਰ ਹੁੰਦਾ ਸੀ। ਪੂਰਬ ਅਤੇ ਪੱਛਮ ਦੋਹਾਂ ਸੱਭਿਆਤਾਵਾਂ ਵਿੱਚ ਇਹ ਰੁਚੀ ਸਮਾਨ ਹੈ। ਮਨੁੱਖੀ ਸੱਭਿਅਤਾ ਦੇ ਵਿਕਾਸ ਨਾਲ ਧਰਮ ਨੇ ਮਨੁੱਖ ਦੇ ਜੀਵਨ ਵਿੱਚ ਵਿਸ਼ੇਸ਼ ਸਥਾਨ ਬਣਾ ਗਿਆ। ਭਾਰਤ, ਯੂਨਾਨ, ਰੋਮ, ਇੰਗਲੈਂਡ, ਇਟਲੀ, ਸਪੇਨ, ਫ਼ਰਾਂਸ ਅਤੇ ਹੋਰ ਦੇਸ਼ਾਂ ਵਿੱਚ ਸੰਗੀਤ ਨੇ ਮੰਦਰਾਂ ਤੇ ਗਿਰਜਾ ਘਰਾਂ ਵਿੱਚ ਪੂਜਾ ਦਾ ਰੂਪ ਧਾਰ ਲਿਆ। ਪੱਛਮ ਦੇ ਗਿਰਜ਼ਾ ਘਰਾਂ ਵਿੱਚ ਪਾਦਰੀ ਲੋਕਾਂ ਨੇ ਸੰਗੀਤ ਨੂੰ ਪ੍ਰਫੁਲਤ ਕਰਨ ਲਈ ਬੜੀ ਸਹਾਇਤਾ ਕੀਤੀ। ਚੌਥੀ ਸਦੀ ਈਸਵੀ ਵਿੱਚ ਮਿਲਾਨ ਦੇ ਇੱਕ ਪਾਦਰੀ ਐਮਬਰੋਜ਼ (ambrose) ਨੇ ਗਿਰਜਾ ਘਰਾਂ ਦੇ ਸੰਗੀਤ ਵਿੱਚ ਬੜਾ ਸੁਧਾਰ ਕੀਤਾ। ਇਸ ਤੋਂ ਬਾਦ ਛੇਵੀਂ ਸਦੀ ਈਸਵੀ ਵਿੱਚ ਪੋਪ ਗਰੇਮੋਰੀ ਨੇ ਗਿਰਜਾ ਘਰਾਂ ਦੇ ਸੰਗੀਤ ਨੂੰ ਹੋਰ ਮਧੁਰ ਤੇ ਸ਼ਰਧਾ ਭਾਵਨਾ ਵਾਲਾ ਬਣਾਇਆ। ਪੋਪ ਗਰੇਮੋਰੀ ਦੇ ਨਾਂ ਨਾਲ ਹੀ ਗਰੇਮੋਰੀਅਨ ਧੁਨਾਂ ਸਾਰੇ ਯੂਰਪ ਵਿੱਚ ਪ੍ਰਚਲਿਤ ਹੋਈਆਂ। ਇਸ ਤਰ੍ਹਾਂ ਨੌਵੀਂ ਸਦੀ ਵਿੱਚ ਆ ਕੇ ਗਿਰਜਾ ਘਰਾਂ ਦੇ ਸੰਗੀਤ ਵਿੱਚ ਵਿਨਚੈਸਟਰ ਈਲੇ ਵਰਗੇ ਪਾਦਰੀਆਂ ਨੇ 'ਆਰਗਨ' ਨਾਂ ਦਾ ਸੰਗੀਤ ਸਾਜ਼ ਵੀ ਭਜਨ ਬੰਦਗੀ ਵਿੱਚ ਸ਼ਾਮਲ ਕਰ ਦਿੱਤਾ। ਪੱਛਮੀ ਸੰਗੀਤ ਦੇ ਮੁੱਢਲੇ ਵਿਕਾਸ ਵਿੱਚ ਪਾਦਰੀਆਂ ਨੇ ਬੜਾ ਵੱਡਾ ਹਿੱਸਾ ਪਾਇਆ ਹੈ ਕਿਉਂਕਿ ਪਾਦਰੀ ਖੁਦ ਚੰਗੇ ਸੰਗੀਤਕਾਰ ਵੀ ਹਨ।

ਪੱਛਮ ਦਾ ਮੁੱਢਲਾ ਸੰਗੀਤ ਬੜਾ ਮਧੁਰ ਸੀ ਅਤੇ ਇਹ ਗਾਇਨ ਦੇ ਰੂਪ ਵਿੱਚ ਸੀ। ਦਸਵੀਂ ਸਦੀ ਈਸਵੀ ਵਿੱਚ ਇਹ ਸੰਗੀਤ ਕਈ ਆਵਾਜ਼ਾਂ ਨੂੰ ਇਕੱਠਿਆਂ ਮਿਲਾ ਕੇ ਪੇਸ਼ ਕੀਤਾ ਜਾਂਦਾ ਰਿਹਾ। ਇਸ ਨੂੰ ਸੰਗੀਤਕ ਪਰਿਭਾਸ਼ਾ ਵਿੱਚ 'ਬਹਤ ਆਵਾਜ਼' ਦਾ ਸੰਗੀਤ ਕਿਹਾ ਗਿਆ। ਪੰਦਰਵੀਂ ਸਦੀ ਤੱਕ ਇਸ ਵਿੱਚ ਸੰਗੀਤ ਸਾਜ਼ਾਂ ਦੀ ਵਰਤੋਂ ਵੀ ਕੀਤੀ ਗਈ। ਇਸ ਸਮੇਂ ਦੇ ਪ੍ਰਸਿੱਧ ਸੰਗੀਤਕਾਰ ਇੰਗਲੈਂਡ ਵਿੱਚ ਡਨਸਟੇਬਲ ਅਤੇ ਇਟਲੀ ਵਿੱਚ ਪੈਲਸਟਰਾਈਨਾ, ਸਪੇਨ ਵਿੱਚ ਵਿਕਟੋਰੀਆ ਤੇ ਇੰਗਲੈਂਡ ਵਿੱਚ ਬਰਡ ਹੋਏ। ਇਨ੍ਹਾਂ ਸੰਗੀਤਕਾਰਾਂ ਤੋਂ ਬਾਦ ਪੱਛਮ ਦੇ ਸੰਗੀਤ ਵਿੱਚ ਕਲਾਤਮਕ ਤੌਰ ਤੇ ਸਾਜ਼ਾਂ ਦਾ ਸੰਗੀਤ ਪ੍ਰਫੁਲਤ ਹੋਇਆ। ਸੋਲਵੀਂ ਸਦੀ ਦੇ ਅਖੀਰ ਤੇ ਸਤਾਰ੍ਹਵੀਂ ਸਦੀ ਦੇ ਮੁੱਢ ਵਿੱਚ ਵਾਇਲਾ ਅਤੇ ਲਿਊਟ ਵਰਗੇ ਸੰਗੀਤ ਸਾਜ਼ ਵਜਾਉਣ ਵਾਲੇ ਸੰਗੀਤਕਾਰਾਂ ਦੇ ਨਾਲ ਕੀ-ਬੋਰਡ ਸਾਜ਼ ਜਿਵੇਂ ਹਾਰਪਸੀਕੋਰਡ ਤੇ ਕਲੇਵੀਕੋਰਡ ਵਧੇਰੇ ਹਰਮਨ ਪਿਆਰੇ ਹੋਏ। ਇੰਗਲੈਂਡ ਵਿੱਚ ਖ਼ਾਸ ਤੌਰ ਤੇ ਕੀ-ਬੋਰਡ ਵਾਲੇ ਸਾਜ਼ ਪ੍ਰਫੁਲਤ ਹੋਏ। ਇਸ ਸਮੇਂ ਸੰਗੀਤ ਨੂੰ ਬੜੇ ਜ਼ੋਰਾਂ-ਸ਼ੋਰਾਂ ਨਾਲ ਲਿਖਤੀ ਰੂਪ ਵਿੱਚ ਲਿਆਂਦਾ ਗਿਆ। ਸੰਗੀਤ ਦੇ ਕਈ ਰੂਪ ਜਿਵੇਂ (ਦੋ ਸਾਜ਼) ਸੋਨਾਟਾ ਸਿੰਨੀ (ਬਹੁਤ ਸਾਰੇ) ਸਟਰਿੰਗ ਕੁਆਰਟੇਟ ਆਦਿ ਵਧੇਰੇ ਪ੍ਰਚਲਿਤ ਹੋਏ। ਵੱਖ-ਵੱਖ ਸਾਜ਼ਾਂ ਨੂੰ ਮਿਲਾ ਕੇ ਕਈ ਤਰ੍ਹਾਂ ਦੇ ਤਜਰਬੇ ਹੋਣ ਲੱਗੇ। ਇਸ ਸਮੇਂ ਸਪੇਨ ਦੇ ਪ੍ਰਸਿੱਧ ਸੰਗੀਤਕਾਰ ਕੇਬੀਜੋਨ ਕੀ-ਬੋਰਡ ਸਾਜ਼ਾਂ ਦੀ ਬੰਦਿਸ਼ਾਂ ਕਰਨ ਵਾਲਾ ਸਭ ਤੋਂ ਪਹਿਲਾ ਕੰਪੋਜ਼ਰ ਹੋਇਆ ਹੈ। ਹਾਲੈਂਡ ਵਿੱਚ ਸਵੀਲਿਨਿਕ (Sweelinek) ਤੇ ਇਟਲੀ ਵਿੱਚ ਫਰੇਸਕੋਬਾਲਡੀ (Frescbaldi) ਪ੍ਰਸਿੱਧ ਆਰਗਨ ਵਜਾਉਣ ਵਾਲੇ ਕੰਪੋਜ਼ਰ ਹੋਏ ਹਨ।

ਸੋਲ੍ਹਵੀਂ ਸਦੀ ਈਸਵੀ ਵਿੱਚ ਪੱਛਮੀ ਸੰਗੀਤ ਨੇ ਨਾਟਕ ਦੇ ਖੇਤਰ ਵਿੱਚ ਪ੍ਰਵੇਸ਼ ਕਰਕੇ ਉਪੇਰਾ ਦਾ ਰੂਪ ਧਾਰਨ ਕਰ ਲਿਆ। ਖ਼ਾਸ ਤੌਰ ਤੇ ਇਟਲੀ ਵਿੱਚ ਇਹ ਰੂਪ ਵਧੇਰੇ ਪ੍ਰਫੁਲਤ ਹੋਇਆ। ਕਾਸੀਨੀ (Caccini) ਅਤੇ ਕਾਵੇਲੀ (Cavalli) ਵਧੇਰੇ ਪ੍ਰਸਿੱਧ ਹੋਏ। ਫ਼ਰਾਂਸ ਵਿੱਚ ਲਿਊਲੀ (Lully) ਤੇ ਜਰਮਨੀ ਵਿੱਚ ਸ਼ਿਊਟਜ਼ (Schutz) ਦੇ ਨਾਂ ਵਰਣਨ ਯੋਗ ਹਨ।

ਸੋਲ੍ਹਵੀਂ ਸਤਾਰਵੀਂ ਸਦੀ ਵਿੱਚ ਆਰਕੇਸਟਰਾ ਵਧੇਰੇ

ਪ੍ਰਚਲਿਤ ਹੋ ਗਿਆ ਅਤੇ ਕਈ ਨਵੇਂ ਸਾਜ਼ ਹੋਂਦ ਵਿੱਚ ਆਏ। ਵਾਇਲਾ (viola) ਦੀ ਥਾਂ ਵਾਇਲਨ (violin) ਨੇ ਲੈ ਲਈ ਅਤੇ ਹਾਰਪਸੀਕੋਰਡ ਦੀ ਥਾਂ ਪਿਆਨੋ ਪ੍ਰਚਲਿਤ ਹੋਣ ਲਗਾ। ਸੰਗੀਤ ਸਾਜ਼ਾਂ ਦੀ ਉੱਨਤੀ ਜਰਮਨੀ ਵਿੱਚ ਵਿਸ਼ੇਸ਼ ਤੌਰ ਤੇ ਹੋਈ। ਇਸ ਸਮੇਂ ਵਾਇਲਨ ਵਜਾਉਣ ਵਾਲੇ ਇਟਲੀ ਵਿੱਚ ਕੋਰਲੀ (Corelli) ਇੰਗਲੈਂਡ ਵਿੱਚ ਪੁਰਸਲ (Purcell) ਅਤੇ ਫ਼ਰਾਂਸ ਵਿੱਚ ਕੋਪਰਿਨ (Couperin) ਹੋਏ। ਹਾਰਪਸੀਕੋਰਡ ਵਜਾਉਣ ਵਾਲਿਆਂ ਵਿੱਚੋਂ ਜਰਮਨੀ ਦੇ ਬਾਖ਼ (Bach) ਅਤੇ ਹੈਂਡਲ (Handel) ਵਧੇਰੇ ਪ੍ਰਸਿੱਧ ਹੋਏ। ਇਸੇ ਪੱਛਮੀ ਸੰਗੀਤ ਵਿੱਚ ਅਤੇ ਖ਼ਾਸ ਤੌਰ ਤੇ ਜਰਮਨੀ ਵਿੱਚ ਕਈ ਸੰਗੀਤਕ ਰੂਪ ਹੋਂਦ ਵਿੱਚ ਆਏ। ਬੀਥੋਵਨ ਵਰਗੇ ਪ੍ਰਤਿਭਾਸ਼ਾਲੀ ਸੰਗੀਤਕਾਰਾਂ ਨੇ ਪਿਆਨੋ ਨੂੰ ਆਪਣੀ ਸੰਗੀਤ ਸਿਰਜਣਾ ਦਾ ਮਾਧਿਅਮ ਚੁਣਿਆ। ਬੀਥੋਵਨ ਦੇ ਪਿਆਨੋ ਤੇ ਸੋਨਾਟਾ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹਨ। ਇਸੇ ਸਮੇਂ ਹੈਂਡਲ ਤੇ ਮੋਤਸਾਰਤ (Mozart) ਵਰਗੇ ਸੰਗੀਤਕਾਰ ਵੀ ਹੋਏ।

ਪੱਛਮ ਦੇ ਸੰਗੀਤ ਵਿੱਚ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਰੋਮਾਂਚਕ ਕਾਲ ਦਾ ਸਮਾਂ ਹੈ, ਇਸ ਸਮੇਂ ਦੇ ਸੰਗੀਤਕਾਰਾਂ ਨੇ ਸੰਗੀਤ ਵਿੱਚ ਚਿੱਤਰਕਾਰੀ ਤੋਂ ਪ੍ਰਭਾਵਿਤ ਹੋ ਕੇ ਆਪਣੀ ਸ਼ੈਲੀ ਵਿੱਚ ਪ੍ਰਭਾਵਵਾਦ ਨੂੰ ਲਿਆਂਦਾ। ਸੰਗੀਤ ਵਿੱਚ ਵਾਗਨਰ ਤੇ ਬਰਾਹਮ ਨੇ ਖ਼ਾਸ ਤੌਰ ਤੇ ਰੋਮਾਂਸਵਾਦ ਨੂੰ ਅਪਣਾਇਆ। ਇਸ ਸਮੇਂ ਜਰਮਨੀ ਤੋਂ ਇਲਾਵਾ ਰੋਮਾਂਸਵਾਦੀ ਸੰਗੀਤਕਾਰਾਂ ਫ਼ਰਾਂਸ ਵਿੱਚ ਬਰਲੀਊਜ਼ (Berlioz) ਤੇ ਡਿਬੂਸੇ (Debussey)। ਪੋਲੈਂਡ ਵਿੱਚ ਸ਼ੋਪਾਂ (Chopin), ਹੰਗਰੀ ਵਿੱਚ ਲਿਸਜ਼ਟ (Liszt), ਰੂਸ ਵਿੱਚ ਗਲਿੰਕਾਂ ਤੇ ਚੈਕੋਵਸਕੀ, ਇਟਲੀ ਵਿੱਚ ਵਿਰਦੀ, ਸਪੇਨ ਵਿੱਚ ਐਲਬੀਨੀਜ਼ ਤੇ ਬਰਤਾਨੀਆਂ ਵਿੱਚ ਵਿਲੀਅਮ ਵਾਗਾਮ ਤੇ ਬਾਕਸ (Bax) ਨੇ ਸੰਗੀਤ ਜਗਤ ਵਿੱਚ ਰਮਾਂਚਕ ਧਾਰਾ ਨੂੰ ਪ੍ਰਫੁਲਤ ਕੀਤਾ। ਉਨ੍ਹੀਵੀਂ ਤੇ ਵੀਹਵੀਂ ਸਦੀ ਵਿੱਚ ਆ ਕੇ ਰੋਮਾਂਚਕ ਧਾਰਾ ਦੀ ਵਿਰੋਧਤਾ ਵਜੋਂ ਨਿਊਰੋਮਾਂਟਿਕ ਸੰਗੀਤਕਾਰ ਹੋਂਦ ਵਿੱਚ ਆਏ ਜਿਨ੍ਹਾਂ ਨੇ ਸੰਗੀਤ ਦੇ ਖੇਤਰ ਵਿੱਚ ਕਈ ਤਜਰਬੇ ਕੀਤੇ। ਆਸਟਰੀਆ ਦਾ ਸ਼ੋਨਬਰਗ (Schonberg), ਰੂਸ ਦਾ ਸਟਰਾਵਿੰਨਸਕੀ (Stravinsky), ਹੰਗਰੀ ਦਾ ਬਰਟੋਕ (Bartok) ਅਤੇ ਜਰਮਨੀ ਦਾ ਵੀਹਵੀਂ ਸਦੀ ਦਾ ਸੰਗੀਤਕਾਰ ਹਿੰਡਮਿੱਥ ਖ਼ਾਸ ਤੌਰ ਤੇ ਵਰਣਨ ਯੋਗ ਹਨ। ਇਨ੍ਹਾਂ ਵੀਹਵੀਂ ਸਦੀ ਦੇ ਸੰਗੀਤਕਾਰਾਂ ਨੇ ਸੰਗੀਤ ਦੇ ਖੇਤਰ ਵਿੱਚ ਰੂਪ ਦੇ ਪੱਖੋਂ ਕਈ ਤਜਰਬੇ ਕੀਤੇ। ਅੱਜ ਪੱਛਮੀ ਸੰਗੀਤ ਬਹੁਤ ਹੀ ਵਿਕਸਿਤ ਤੇ ਪ੍ਰਫੁੱਲਤ ਹੋ ਚੁੱਕਾ ਹੈ ਅਤੇ ਕਈ ਤਰ੍ਹਾਂ ਦੇ ਸੰਗੀਤ ਸਾਜ਼ ਹੋਂਦ ਵਿੱਚ ਆ ਚੁੱਕੇ ਹਨ, ਜਿਨ੍ਹਾਂ ਰਾਹੀਂ ਸੰਗੀਤਕਾਰ ਸੁਰ ਦੀ ਦੁਨੀਆਂ ਵਿੱਚ ਇੱਕ ਇਨਕਲਾਬ ਲਿਆ ਰਹੇ ਹਨ। ਪੱਛਮੀ ਸੰਗੀਤ ਵਿੱਚ ਸਾਜ਼ਾਂ ਨੂੰ ਬਿਜਲੀ ਦੀ ਸ਼ਕਤੀ ਰਾਹੀਂ ਵੀ ਵਜਾਇਆ ਜਾ ਰਿਹਾ ਹੈ ਜਿਸ ਨਾਲ ਇਲੈਕਟਰਾਨਿਕ ਮਿਊਜ਼ਿਕ ਹੋਂਦ ਵਿੱਚ ਆ ਰਿਹਾ ਹੈ।

**ਭਾਰਤੀ ਸੰਗੀਤ ਦਾ ਵਿਕਾਸ :**

ਸੰਸਾਰ ਦੇ ਸੰਸਕ੍ਰਿਤਕ ਇਤਿਹਾਸ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਭਾਰਤ ਦੀ ਧਰਤੀ ਅਜਿਹੀ ਹੈ ਜਿੱਥੇ ਸਾਹਿਤ, ਕਵਿਤਾ, ਦਰਸ਼ਨ ਤੇ ਸੰਗੀਤ ਨੇ ਸਭ ਤੋਂ ਪਹਿਲਾਂ ਮਨੁੱਖੀ ਮਨ ਨੂੰ ਟੁੰਬਿਆ। ਯੂਨਾਨ, ਮਿਸਰ ਤੇ ਅਰਬ ਦੇਸ਼ਾਂ ਵਿੱਚ ਪੁਰਾਤਨ ਭਾਰਤੀ ਸੱਭਿਅਤਾ ਦਾ ਪ੍ਰਭਾਵ ਪਿਆ ਹੈ। ਭਾਰਤੀ ਸੰਗੀਤ, ਭਾਰਤੀ ਸੱਭਿਆਚਾਰ ਦਾ ਇੱਕ ਵੱਡਾ ਹਿੱਸਾ ਹੈ। ਸੱਭਿਆਚਾਰ ਨਾਤੇ ਤੋਂ ਇਹ ਸੰਗੀਤ ਭਾਰਤ ਤੋਂ ਦੂਰ ਦੂਰ ਦੇਸ਼ਾਂ ਵਿੱਚ ਪੁੱਜਿਆ ਜਿੱਥੇ ਭਾਰਤ ਨੇ ਸੰਗੀਤ ਰਾਹੀਂ ਹੋਰ ਦੇਸ਼ਾਂ ਨੂੰ ਪ੍ਰਭਾਵਿਤ ਕੀਤਾ ਉੱਥੇ ਭਾਰਤ ਵੀ ਹੋਰ ਦੇਸ਼ਾਂ ਦੇ ਸੰਗੀਤਕ ਵਿਰਸੇ ਤੋਂ ਪ੍ਰਭਾਵਿਤ ਹੋਇਆ ਹੈ। ਖ਼ਾਸ ਕਰਕੇ ਪੁਰਾਤਨ ਈਰਾਨ ਦੀ ਸੱਭਿਅਤਾ ਦੇ ਸੰਗੀਤ ਦਾ ਪ੍ਰਭਾਵ ਭਾਰਤ ਉੱਤੇ ਪਿਆ। ਕਿਹਾ ਜਾਂਦਾ ਹੈ ਕਿ ਯੂਨਾਨੀ ਫ਼ਿਲਾਸਫਰ ਪਾਈਥਾਗੋਰਸ ਜਦੋਂ ਭਾਰਤ ਆਇਆ ਤਾਂ ਉਸ ਨੇ ਭਾਰਤ ਦੇ ਸੰਗੀਤਕ ਵਿਰਸੇ ਧਾਰਮਿਕ, ਦਾਰਸ਼ਨਿਕ ਤੇ ਸਾਹਿਤਕ ਰਚਨਾਵਾਂ ਤੋਂ ਬਹੁਤ ਕੁਝ ਗ੍ਰਹਿਣ ਕੀਤਾ। ਯੂਨਾਨ, ਮਿਸਰ, ਰੂਸ, ਪਰਸ਼ੀਆ, ਰੋਮ, ਇੰਗਲੈਂਡ ਤੇ ਹੋਰ ਦੇਸ਼ਾਂ ਦੇ ਸੰਗੀਤ ਦਾ ਧਾਰਮਿਕ, ਰਾਜਸੀ ਤੇ ਸੱਭਿਆਚਰਕ ਸਾਧਨਾਂ ਰਾਹੀਂ ਇੱਕ ਦੂਜੇ ਤੇ ਪ੍ਰਭਾਵ ਪਿਆ। ਬੁੱਧ ਮਤ ਦੇ ਪ੍ਰਚਾਰ ਸਮੇਂ ਭਾਰਤੀ ਸੰਗੀਤ ਚੀਨੀ ਬੋਧੀਆਂ ਰਾਹੀਂ ਚੀਨ ਤਕ ਵੀ ਪੁੱਜਿਆ। ਪੁਰਾਤਨ ਕੱਛ ਦੇ ਇਲਾਕੇ ਦਾ ਭਾਰਤੀ ਸੰਗੀਤ ਚੀਨ ਵਿੱਚ ਪ੍ਰਚਲਿਤ ਹੋਇਆ। ਚੀਨੀ ਯਾਤਰੀ ਹਿਊਨਸਾਂਗ ਨੇ ਇਸ ਗੱਲ ਦਾ ਵਰਨਣ ਕੀਤਾ ਹੈ ਕਿ ਕੱਛ ਦੇ ਇਲਾਕੇ ਦੇ ਲੋਕ ਵੰਝਲੀ ਵਜਾਉਣ ਵਿੱਚ ਬੜੇ ਮਾਹਿਰ ਸਨ। ਇਹ ਵੀ ਕਿਹਾ ਗਿਆ ਹੈ ਕਿ ਜਾਪਾਨ ਅਤੇ ਕੋਰੀਆ ਉੱਤੇ ਚੀਨ ਦੀ ਸੱਭਿਅਤਾ ਦਾ ਪ੍ਰਭਾਵ ਪਿਆ। ਭਾਰਤੀ ਸੰਗੀਤ ਚੀਨ ਰਾਹੀਂ ਜਾਪਾਨ ਵਿੱਚ ਪੁੱਜਿਆ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਭਾਰਤੀ ਕੋਮਲ ਕਲਾਵਾਂ ਦਾ ਪ੍ਰਭਾਵ

ਸੰਸਾਰ ਭਰ ਦੇ ਦੇਸ਼ਾਂ ਉੱਤੇ ਕਿਸੇ ਨਾ ਕਿਸੇ ਰੂਪ ਵਿੱਚ ਪਿਆ।

ਭਾਰਤ ਵਿੱਚ ਸੰਗੀਤ ਦਾ ਮੁੱਢ ਵੇਦਾਂ ਦੇ ਸਮੇਂ ਤੋਂ ਮੰਨਿਆ ਗਿਆ ਹੈ। ਇਸ ਕਰਕੇ ਸੰਗੀਤ ਆਦਿ ਕਾਲ ਤੋਂ ਮਨੁੱਖੀ ਜੀਵਨ ਨਾਲ ਸਬੰਧਿਤ ਰਿਹਾ ਹੈ। ਸਾਮਵੇਦ ਸੰਗੀਤ ਦਾ ਮੁੱਢਲਾ ਗ੍ਰੰਥ ਹੈ। ਸਾਮਵੇਦ ਦੇ ਗਾਇਨ ਨੂੰ 'ਸਾਮਗਾਨ' ਕਿਹਾ ਜਾਂਦਾ ਸੀ ਅਤੇ ਇਸ ਨੂੰ ਤਿਨ ਸੁਰਾਂ ਵਿੱਚ ਗਾਇਆ ਜਾਂਦਾ ਸੀ। ਵੇਦਾਂ ਤੋਂ ਬਾਦ ਉਪਨਿਸ਼ਦਾਂ ਤੇ ਪੁਰਾਣਾਂ ਵਿੱਚ ਸੰਗੀਤ ਦਾ ਜ਼ਿਕਰ ਮਿਲਦਾ ਹੈ। ਇਸ ਤੋਂ ਬਾਦ ਰਾਮਾਇਣ ਤੇ ਮਹਾਂਭਾਰਤ ਦੇ ਸਮੇਂ ਵਿੱਚ ਵੀ ਸੰਗੀਤ ਦੇ ਪ੍ਰਚਲਿਤ ਹੋਣ ਦੇ ਕਈ ਸਬੂਤ ਮਿਲਦੇ ਹਨ। ਪ੍ਰਚੀਨ ਕਾਲ ਵਿੱਚ ਹੀ ਭਰਤ ਮੁਨੀ ਦਾ 'ਨਾਟਯ ਸ਼ਾਸਤਰ' ਨਾਂ ਦਾ ਗ੍ਰੰਥ ਮਿਲਦਾ ਹੈ। ਇਸ ਗ੍ਰੰਥ ਵਿੱਚ ਸੰਗੀਤ ਦੇ ਸੁਰਾਂ ਸ਼ਰੁਤੀਆਂ, ਗਰਾਮਾਂ ਤੇ ਸਪਤਕਾਂ ਬਾਰੇ ਵਰਣਨ ਮਿਲਦਾ ਹੈ। ਇਸ ਤਰ੍ਹਾਂ ਮਤੰਗ ਮੁਨੀ 'ਵਰਹਦੇਸ਼ੀ ਗ੍ਰੰਥ' ਅਤੇ ਨਾਰਦ ਦਾ 'ਸੰਗੀਤ ਮਕਰੰਦ' ਭਾਰਤ ਵਿੱਚ ਸੰਗੀਤ ਦੀ ਪ੍ਰਾਚੀਨਤਾ ਦਾ ਪ੍ਰਮੁੱਖ ਪ੍ਰਮਾਣ ਹਨ। ਪ੍ਰਾਚੀਨ ਕਾਲ ਜੋ ਕਿ ਚਾਰ ਹਜ਼ਾਰ ਪੂਰਵ ਈਸਵੀ ਤੋਂ ਇੱਕ ਹਜ਼ਾਰ ਈਸਵੀ ਤੱਕ ਮੰਨਿਆ ਗਿਆ ਹੈ ਵਿੱਚ ਭਾਰਤੀ ਸੰਗੀਤ ਇੱਕੋ ਪੱਧਤੀ ਦਾ ਸੀ। ਸਮੇਂ ਦੇ ਬੀਤਣ ਨਾਲ ਇਹ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਅਰਥਾਤ ਉੱਤਰੀ ਭਾਰਤੀ ਸੰਗੀਤ (ਹਿੰਦੁਸਤਾਨੀ ਸੰਗੀਤ) ਤੇ ਦੱਖਣੀ ਭਾਰਤੀ ਸੰਗੀਤ (ਕਰਨਾਟਕੀ ਸੰਗੀਤ)। ਭਾਰਤੀ ਸੰਗੀਤ ਦੇ ਇਤਿਹਾਸ ਵਿੱਚ ਇਹ ਸਮਾਂ ਮੱਧ ਕਾਲ ਦਾ ਸਮਾਂ ਕਿਹਾ ਗਿਆ ਹੈ। ਇਹ ਇੱਕ ਹਜ਼ਾਰ ਈਸਵੀਂ ਤੋਂ ਅਠਾਰਾਂ ਸੌ ਈਸਵੀ ਤੱਕ ਮਿਥਿਆ ਗਿਆ ਹੈ। ਇਸੇ ਸਮੇਂ ਉੱਤਰੀ ਭਾਰਤ ਦੇ ਸੰਗੀਤ ਤੇ ਮੁਸਲਮਾਨਾਂ ਦੇ ਆਉਣ ਦਾ ਬੜਾ ਪ੍ਰਭਾਵ ਪਿਆ। ਇਸ ਸਮੇਂ ਗਾਇਨ ਦੇ ਕਈ ਰੂਪ ਪ੍ਰਚਲਿਤ ਸਨ। ਧਰੁੱਪਦ ਸ਼ੈਲੀ ਖ਼ਾਸ ਤੌਰ ਤੇ ਇਸ ਸਮੇਂ ਪ੍ਰਫੁਲਤ ਹੋਈ। ਮੁਸਲਮਾਨੀ ਸਭਿਆਚਾਰ ਦੇ ਪ੍ਰਭਾਵ ਖ਼ਿਆਲ ਗਾਇਕੀ ਦਾ ਅਰੰਭ ਵੀ ਹੋਇਆ।

ਤੇਰ੍ਹਵੀਂ ਸਦੀ ਈਸਵੀ ਵਿੱਚ ਅਮੀਰ ਖ਼ੁਸਰੋ ਵਰਗੇ ਮਹਾਨ ਕਲਾਕਾਰ ਨੇ ਭਾਰਤੀ ਸੰਗੀਤ ਨੂੰ ਚਾਰ ਚੰਨ ਲਾ ਦਿੱਤੇ। ਅਮੀਰ ਖ਼ੁਸਰੋ ਨੇ ਸਿਤਾਰ ਵਰਗੇ ਸਾਜ਼ ਦੀ ਸਿਰਜਨਾ ਕੀਤੀ ਤੇ ਹੋਰ ਕਈ ਰਾਗਾਂ ਦੀ ਕਾਢ ਕੱਢੀ। ਪਖਾਵਜ ਨੂੰ ਵਿਚਕਾਰੋਂ ਕੱਟ ਕੇ ਉਸ ਦੇ ਦੋ ਹਿੱਸੇ ਬਣਾ ਕੇ ਉਸਨੂੰ ਤਬਲੇ ਦਾ ਰੂਪ ਵੀ ਅਮੀਰ ਖ਼ੁਸਰੋ ਨੇ ਹੀ ਦਿੱਤਾ। ਇੱਕ ਉਹ ਸਾਹਿਤਕਾਰ, ਭਾਸ਼ਾ ਸ਼ਾਸਤਰੀ ਤੇ ਮਹਾਨ ਸੰਗੀਤਕਾਰ ਸੀ।

ਇਸ ਸਮੇਂ ਆਹੋਬਲ ਨਾਂ ਦੇ ਵਿਦਵਾਨ ਨੇ ਆਪਣੇ ਗ੍ਰੰਥ 'ਸੰਗੀਤ ਪਰਿਜਾਤ' ਵਿੱਚ ਵੀਣਾ ਦੀਆਂ ਤਾਰਾਂ ਉੱਤੇ ਸੁਰਾਂ ਦਾ ਸਥਾਨ ਨਿਸ਼ਚਿਤ ਕੀਤਾ। ਅਕਬਰ ਦੇ ਸਮੇਂ ਤਕ ਸੰਗੀਤ ਬੜਾ ਪ੍ਰਫੁਲਤ ਹੋ ਗਿਆ ਸੀ। ਤਾਨਸੈਨ ਵਰਗੇ ਪ੍ਰਸਿੱਧ ਗਾਇਕ ਤੇ ਸੰਗੀਤਕਾਰ ਨੇ ਸੰਗੀਤ ਜਗਤ ਨੂੰ ਕਈ ਨਵੇਂ ਰਾਗ ਦਿੱਤੇ। ਇਸ ਸਮੇਂ ਦੱਖਣੀ ਭਾਰਤ ਦਾ ਸੰਗੀਤ ਵੀ ਬਹੁਤ ਪ੍ਰਫੁੱਲਤ ਹੋਇਆ।

ਔਰੰਗਜ਼ੇਬ ਦੇ ਸਮੇਂ ਸੰਗੀਤ ਦੇ ਵਿਕਾਸ ਵਿੱਚ ਵਕਤੀ ਤੌਰ ਤੇ ਰੁਕਾਵਟ ਪੈਦਾ ਹੋਈ। ਪਰ ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਇਹ ਹੋਰ ਵਿਕਸਤ ਹੋਣ ਲੱਗਾ। ਸਦਾ ਰੰਗ ਤੇ ਅਦਾਰੰਗ ਵਰਗੇ ਕਲਾਵੰਤ ਗਾਇਕ ਮੁਹੰਮਦ ਸ਼ਾਹ ਦੇ ਦਰਬਾਰ ਵਿੱਚ ਹੀ ਸਨ।

ਭਾਰਤੀ ਸੰਗੀਤ ਵਿੱਚ ਸਹੀ ਅਰਥਾਂ ਵਿੱਚ ਉੱਨਤੀ ਅਠ੍ਹਾਰਵੀਂ ਸਦੀ ਤੋਂ ਬਾਦ ਹੋਣੀ ਸ਼ੁਰੂ ਹੋਈ। ਇਸ ਸਮੇਂ ਗਾਇਨ ਦੀਆਂ ਕਈ ਸ਼ੈਲੀਆਂ ਅਥਵਾ ਧਰੁਪਦ, ਖ਼ਿਆਲ, ਠੁਮਰੀ, ਟੱਪਾ, ਕੱਜਰੀ, ਤਰਾਨਾ ਆਦਿ ਪ੍ਰਫੁਲਤ ਹੋਏ। ਇਸ ਤੋਂ ਪਹਿਲਾਂ ਭਾਰਤੀ ਸੰਗੀਤ ਮੌਖਿਕ (Verbal) ਰੂਪ ਵਿੱਚ ਸੀ ਅਤੇ ਪੀੜ੍ਹੀ ਦਰ ਪੀੜ੍ਹੀ ਉਸਤਾਦਾਂ ਤੋਂ ਸੰਗੀਤਕਾਰਾਂ ਤੱਕ ਪੁੱਜਦਾ ਰਿਹਾ। ਪੱਛਮੀ ਸੰਗੀਤ ਵਾਂਗ ਇਹ ਲਿੱਪੀ-ਬੱਧ ਨਹੀਂ ਸੀ। ਇਸ ਘਾਟ ਨੂੰ ਮੁੱਖ ਰੱਖਦਿਆਂ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਨੇ ਬੜੇ ਅਣਥੱਕ ਯਤਨਾਂ ਤੇ ਮਿਹਨਤ ਨਾਲ ਸੁਰ ਲਿੱਪੀ ਦੀ ਸਿਰਜਨਾ ਕੀਤੀ ਅਤੇ ਪੁਰਾਤਨ ਸੰਗੀਤ ਰਚਨਾਵਾਂ ਨੂੰ ਲਿੱਪੀ-ਬੱਧ ਕਰਨ ਕਾਰਜ ਸੰਭਾਲਿਆ। ਇਸ ਸਮੇਂ ਭਾਰਤ ਵਿੱਚ ਸੰਗੀਤ ਦਾ ਪ੍ਰਚਾਰ ਬੜੇ ਜ਼ੋਰਾਂ ਤੇ ਹੋਣ ਲੱਗਾ। ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਰ ਨੇ ਭਾਰਤ ਦੇ ਸਾਰੇ ਇਲਾਕਿਆਂ ਵਿੱਚ ਘੁੰਮ ਫਿਰ ਕੇ ਸੰਗੀਤ ਦਾ ਪ੍ਰਚਾਰ ਕੀਤਾ। ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਰ ਤੇ ਵਿਸ਼ਨੂੰ ਨਾਰਾਇਣ ਭਾਤਖੰਡੇ ਨੇ ਵੀਹਵੀਂ ਸਦੀ ਦੇ ਸੰਗੀਤ ਦੀ ਕਾਇਆ ਹੀ ਪਲਟ ਦਿੱਤੀ। ਇਨ੍ਹਾਂ ਮਹਾਨ ਸੰਗੀਤਕਾਰਾਂ ਦੀਆ ਲੀਹਾਂ ਉੱਤੇ ਹੀ ਅੱਜ ਸਾਰੇ ਭਾਰਤ ਵਿੱਚ ਸੰਗੀਤ ਵਿਕਸਤ ਹੋ ਰਿਹਾ ਹੈ।

ਭਾਰਤੀ ਸੰਗੀਤ ਵਿੱਚ ਸੰਗੀਤ ਦੇ ਘਰਾਣਿਆਂ ਦਾ ਵਿਸ਼ੇਸ਼ ਸਥਾਨ ਹੈ, ਕਈ ਅਜਿਹੇ ਮੰਨੇ ਪ੍ਰਮੰਨੇ ਸੰਗੀਤਕਾਰ ਹਨ ਜਿਨ੍ਹਾਂ ਦਾ ਗਾਉਣ-ਵਜਾਉਣ ਦਾ ਆਪਣਾ ਵੱਖਰਾ ਢੰਗ ਹੈ। ਅਜਿਹੇ ਸੰਗੀਤਕਾਰਾਂ ਦੀ ਸੰਤਾਨ ਅਤੇ ਸ਼ਾਗਿਰਦ ਇਸ ਢੰਗ ਦੀ ਨਕਲ ਕਰਦੇ ਹਨ। ਭਾਰਤ

ਵਿੱਚ ਇਸ ਤਰ੍ਹਾਂ ਸੰਗੀਤ ਦੇ ਕਈ ਘਰਾਣੇ ਹਨ ਜਿਨ੍ਹਾਂ ਵਿੱਚੋਂ ਮੁੱਖ ਤੌਰ ਤੇ ਪਟਿਆਲਾ ਘਰਾਣਾ, ਸ਼ਾਮ ਚੁਰਾਸੀ ਘਰਾਣਾ, ਕਿਰਾਨਾ ਘਰਾਣਾ, ਆਗਰਾ ਘਰਾਣਾ ਗਵਾਲੀਅਰ ਘਰਾਣਾ ਅਤੇ ਜੈਪੁਰ ਘਰਾਣਾ ਪ੍ਰਸਿੱਧ ਹਨ। ਇਨ੍ਹਾਂ ਘਰਾਣਿਆਂ ਨੇ ਸੰਗੀਤ ਨੂੰ ਉੱਨਤ ਕਰਨ ਵਿੱਚ ਬੜੀ ਸਹਾਇਤਾ ਕੀਤੀ।

ਅਜੋਕੇ ਸਮੇਂ ਵਿੱਚ ਭਾਰਤੀ ਸੰਗੀਤ ਬਹੁਤ ਹੀ ਵਿਕਸਿਤ ਹੋ ਰਿਹਾ ਹੈ। ਗਾਇਨ ਤੇ ਵਾਦਨ ਦੋਹਾਂ ਵਿੱਚ ਬੜੇ ਹੀ ਪ੍ਰਬੀਨ ਸੰਗੀਤਕਾਰ ਹਨ। ਗਾਇਨ ਵਿੱਚ ਵਿਸ਼ੇਸ਼ ਤੌਰ ਤੇ ਪੰਡਤ ਉਂਕਾਰ ਨਾਥ ਠਾਕੁਰ, ਬੜੇ ਗੁਲਾਮ ਅਲੀ ਖਾਂ, ਅਮੀਰ ਖਾਂ ਸਾਹਿਬ, ਫਯਾਜ਼ ਖਾਂ ਵਰਗੇ ਗਾਇਕ ਜੋ ਅੱਜ ਇਸ ਦੁਨੀਆਂ ਤੇ ਨਹੀਂ ਰਹੇ ਪਰ ਇਨ੍ਹਾਂ ਦੇ ਰਿਕਾਰਡ ਮਿਲਦੇ ਹਨ। ਇਨ੍ਹਾਂ ਤੋਂ ਗਾਇਕੀ ਦੀਆਂ ਉੱਚ ਸਿਖਰਾਂ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ। ਗਾਇਕ ਜਿਨ੍ਹਾਂ ਦੀਆਂ ਆਵਾਜ਼ਾਂ ਰੇਡੀਓ ਤੋਂ ਅਕਸਰ ਸੁਣਾਈ ਦਿੰਦੀਆਂ ਹਨ ਵਿੱਚੋਂ ਪੰਡਤ ਭੀਮਸੈਨ ਜੋਸ਼ੀ, ਹੀਰਾ ਬਾਈ ਬੜੌਦਕਰ, ਪੰਡਿਤ ਜਸ ਰਾਜ, ਕੁਮਾਰ ਗੰਧਰਵ, ਪਰਵੀਨ ਸੁਲਤਾਨਾ ਅਤੇ ਅਮਰ ਨਾਥ ਆਦਿ ਪ੍ਰਸਿੱਧ ਹਨ। ਸਿਤਾਰ ਵਾਦਨ ਵਿੱਚ ਰਵੀ ਸ਼ੰਕਰ, ਨਿਖਲ ਬੈਨਰਜੀ, ਅਬਦੁਲ ਹਲੀਮ ਜਾਫ਼ਰ, ਖਾਂ, ਵਿਲਾਇਤ ਹੁਸੈਨ ਖਾਂ ਤੇ ਜਾਇਬੋਨ ਵਿਸ਼ੇਸ਼ ਸਥਾਨ ਰੱਖਦੇ ਹਨ।

ਸਰੋਦ ਵਾਦਨ ਵਿੱਚ ਅਲੀ ਅਕਰਬ ਖਾਂ ਪ੍ਰਸਿੱਧ ਹਨ। ਇਸੇ ਤਰ੍ਹਾਂ ਸਾਰੰਗੀ ਵਜਾਉਣ ਵਿੱਚ ਪੰਡਿਤ ਰਾਮ ਨਰਾਇਣ ਤੇ ਇੰਦਰ ਲਾਲ ਪ੍ਰਸਿੱਧ ਹਨ। ਭਾਰਤੀ ਢੰਗ ਨਾਲ ਵਾਇਲਨ ਵਜਾਉਣ ਵਾਲਿਆਂ ਵਿੱਚੋਂ ਵੀ.ਜੀ. ਜੋਗ, ਸ਼ਿਸ਼ ਰਕਾਨਨਥਰ ਚੌਧਰੀ, ਤੇ ਜ਼ਹੂਰ ਅਹਿਮਦ ਖਾਂ ਪ੍ਰਸਿੱਧ ਹਨ। ਤਬਲਾ ਵਾਦਨ ਵੀ ਭਾਰਤੀ ਸੰਗੀਤ ਦਾ ਇੱਕ ਵਿਸ਼ੇਸ਼ ਅੰਗ ਹੈ। ਉਸਤਾਦ ਅਹਿਮਦ ਜਾਨ ਥਿਰਕਣਾ, ਉਸਤਾਦ ਅੱਲਾ ਰੱਖਾ, ਸਾਮਤਾ ਪ੍ਰਸ਼ਾਦ, ਸਰਦਾਰ ਖਾਂ ਤੇ ਮਨਮੋਹਨ ਸਿੰਘ ਵਰਣਨ ਯੋਗ ਹਨ। ਬੰਸਰੀ ਵਜਾਉਣ ਵਿੱਚ ਪੰਨਾ ਲਾਲ ਘੋਸ਼ ਤੇ ਹਰੀ ਪ੍ਰਸ਼ਾਦ ਚੌਰਸੀਆ ਨੇ ਨਾਮ ਖਟਿਆ ਹੈ। ਕਿਹਾ ਜਾ ਸਕਦਾ ਹੈ ਕਿ ਵੀਹਵੀਂ ਸਦੀ ਵਿੱਚ ਭਾਰਤੀ ਸੰਗੀਤ ਵਾਦਨ ਅਤੇ ਗਾਇਨ ਦੋਹਾਂ ਵਿੱਚ ਪ੍ਰਫੁਲਤ ਤੋ ਰਿਹਾ ਹੈ।

**ਪਾਕਿਸਤਾਨੀ ਸੰਗੀਤ :**

ਪਾਕਿਸਤਾਨ ਦੀ ਆਪਣੀ ਕੋਈ ਵੱਖਰੀ ਸੰਗੀਤ ਪਰੰਪਰਾ ਨਹੀਂ। ਅੱਜ ਕਲ੍ਹ ਪਾਕਿਸਤਾਨ ਵਿੱਚ ਜਿਤਨਾ ਵੀ ਸੰਗੀਤ ਪ੍ਰਫੁਲਤ ਹੋ ਰਿਹਾ ਹੈ, ਉਸ ਦੀਆਂ ਜੜ੍ਹਾਂ ਭਾਰਤੀ ਕਲਾਸੀਕਲ ਸੰਗੀਤ ਵਿੱਚ ਹਨ। 1947 ਦੀ ਵੰਡ ਤੋਂ ਪਹਿਲਾਂ ਪਾਕਿਸਤਾਨੀ ਸੰਗੀਤ ਹਿੰਦੁਸਤਾਨੀ ਸੰਗੀਤ ਹੀ ਅਖਵਾਉਂਦਾ ਸੀ। ਵੀਹਵੀਂ ਸਦੀ ਵਿੱਚ ਪਾਕਿਸਤਾਨ ਦੇ ਕਲਾਸੀਕਲ ਸੰਗੀਤ ਦੇ ਮਾਹਿਰ, ਨਜ਼ਾਕਤ ਅਲੀ, ਸਲਾਮਤ ਅਲੀ, ਮਲਿਕਾ-ਮੌਸੀਕੀ, ਰੋਸ਼ਨਆਰਾ ਬੇਗਮ, ਅਮਾਨਤ ਅਲੀ ਤੇ ਫਤਹਿ ਅਲੀ ਆਦਿ ਭਾਰਤ ਦੇ ਹੀ ਸੰਗੀਤਕਾਰ ਸਨ ਜੋ 1947 ਦੀ ਵੰਡ ਤੋਂ ਬਾਦ ਪਾਕਿਸਤਾਨ ਦੇ ਨਿਵਾਸੀ ਬਣ ਬੈਠੇ। ਇਹ ਸੰਗੀਤਕਾਰ ਅੱਜ ਕਲ੍ਹ ਪਾਕਿਸਤਾਨੀ ਕਲਾਸੀਕਲ ਸੰਗੀਤ ਨੂੰ ਭਾਰਤੀ ਕਲਾਸੀਕਲ ਸੰਗੀਤ ਵਾਂਗ ਹੀ ਪ੍ਰਫੁਲਤ ਕਰ ਰਹੇ ਹਨ।

ਪਾਕਿਸਤਾਨ ਵਿੱਚ ਕਲ੍ਹ ਜੋ ਸੰਗੀਤ ਵਧੇਰੇ ਪ੍ਰਚਲਿਤ ਤੇ ਹਰਮਨ ਪਿਆਰਾ ਹੋ ਰਿਹਾ ਹੈ ਉਹ ਉਨ੍ਹਾਂ ਦਾ ਲੋਕ ਸੰਗੀਤ ਤੇ ਗਜ਼ਲ ਸੰਗੀਤ ਹੈ। ਲੋਕ ਸੰਗੀਤ ਵਿੱਚ ਪਾਕਿਸਤਾਨੀ ਗਾਇਕਾਂ ਨੇ ਖ਼ਾਸ ਤੌਰ ਤੇ ਪੰਜਾਬੀ ਸਭਿਆਚਾਰ ਤੇ ਸਾਹਿਤ ਦਾ ਬਹੁਤ ਹੀ ਪ੍ਰਚਾਰ ਕੀਤਾ ਹੈ। ਪਾਕਿਸਤਾਨ ਵਿੱਚ ਪੰਜਾਬੀ ਲੋਕ ਗੀਤ ਗਾਉਣ ਵਾਲਿਆ ਵਿੱਚੋਂ ਰੇਸ਼ਮਾਂ ਇੱਕ ਅਜਿਹੀ ਗਾਇਕਾ ਹੈ ਜਿਸ ਦੀ ਆਵਾਜ਼ ਵਿੱਚ ਪੰਜਾਬ ਦੇ ਮਾਰੂਥਲਾਂ ਤੇ ਰੋਹੀਆਂ ਦੀ ਤੜਪ ਹੈ। ਰੇਸ਼ਮਾਂ ਆਪਣੀ ਜਾਦੂ ਭਰੀ ਆਵਾਜ਼ ਸਦਕਾ ਦੁਨੀਆਂ ਦੇ ਕਈ ਮੁਲਕਾਂ ਵਿੱਚ ਸੰਗੀਤ ਦੇ ਪ੍ਰੋਗਰਾਮ ਦੇ ਚੁੱਕੀ ਹੈ। ਪੰਜਾਬ ਦੇ ਕਿੱਸੇ, ਵਾਰਾਂ, ਕਾਫ਼ੀਆਂ ਤੇ ਲੋਕ ਗੀਤਾਂ ਨੂੰ ਗਾਉਣ ਵਾਲੇ ਹੋਰ ਗਾਇਕਾਂ ਵਿੱਚੋਂ ਮੁਹੰਮਦ ਸਾਦਕ ਤੇ ਮੁਹੰਮਦ ਇਕਬਾਲ, ਸਾਈਂ ਅਖਤਰ ਹੁਸੈਨ, ਸ਼ੌਕਤ ਅਲੀ, ਮੁਹੰਮਦ ਤੁਫੈਲ ਤੇ ਆਲਮ ਲੁਹਾਰ ਵਧੇਰੇ ਪ੍ਰਸਿੱਧ ਹਨ।

ਗਜ਼ਲ ਗਾਇਕੀ ਵਿੱਚ ਖ਼ਾਸ ਤੌਰ ਤੇ ਮਹਿਦੀ ਹਸਨ ਤੇ ਗੁਲਾਮ ਅਲੀ ਨੇ ਕਲਾ ਦੀਆਂ ਉੱਚ ਸਿਖਰਾਂ ਨੂੰ ਛੋਹਿਆ ਹੈ। ਇਨ੍ਹਾਂ ਦੋ ਗਜ਼ਲ ਗਾਇਕਾਂ ਦੇ ਗਾਉਣ ਦੇ ਅੰਦਾਜ਼ ਦਾ ਪ੍ਰਭਾਵ ਭਾਰਤੀ ਗਜ਼ਲ ਗਾਇਕਾਂ ਉੱਤੇ ਵੀ ਪਿਆ ਹੈ। ਇਨ੍ਹਾਂ ਦੋਹਾਂ ਗਾਇਕਾਂ ਨਾਲ ਸਮੁੱਚੇ ਗਜ਼ਲ ਗਾਉਣ ਦੇ ਢੰਗ ਵਿੱਚ ਇੱਕ ਨਵੇਕਲਾਪਨ ਤੇ ਨਵਾਂ ਅੰਦਾਜ਼ ਆਇਆ ਹੈ। ਦੋਹਾਂ ਨੂੰ ਕਲਾਸੀਕਲ ਦੀ ਡੂੰਘੀ ਵਾਕਫੀਅਤ ਹੈ, ਜਿਸ ਕਰਕੇ ਇਨ੍ਹਾਂ ਦੀਆਂ ਕੰਪੋਜ਼ ਕੀਤੀਆਂ ਗਜ਼ਲਾਂ ਵਿੱਚ ਕਲਾਸਕੀ ਰੰਗਣ ਹੈ।

**ਭਾਰਤੀ ਤੇ ਪੱਛਮੀ ਸੰਗੀਤ ਦਾ ਅੰਤਰ :**

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਅਤੇ ਪੱਛਮ, ਦੋਹਾਂ ਵਿੱਚ ਸੰਗੀਤ ਦੀ ਬੜੀ

ਗੌਰਵਮਈ ਪਰੰਪਰਾ ਰਹੀ ਹੈ। ਮੁੱਢਲਾ ਭਾਰਤੀ ਸੰਗੀਤ ਤੇ ਪੱਛਮੀ ਸੰਗੀਤ ਧਾਰਮਿਕ ਜਜ਼ਬਿਆਂ ਵਿੱਚ ਰੰਗਿਆ ਹੋਇਆ ਸੀ। ਭਾਰਤ ਵਿੱਚ ਤਾਂ ਸੰਗੀਤ ਧਰਮ ਦਾ ਇੱਕ ਅਟੁੱਟ ਅੰਗ ਸੀ। ਸੰਗੀਤ ਦੀ ਸਾਧਨਾ ਦੈਵੀ ਸ਼ਕਤੀ ਦੀ ਲਖਾਇਕ ਸੀ। ਭਾਰਤ ਵਿੱਚ ਸੰਗੀਤ ਨੂੰ ਅਧਿਆਤਮਕ ਨਜ਼ਰੀਏ ਤੋਂ ਜਾਣਿਆ ਗਿਆ ਹੈ। ਸੰਗੀਤ ਆਤਮਾ ਦੀ ਸ਼ੁੱਧੀ ਦਾ ਇੱਕ ਬਹੁਤ ਵੱਡਾ ਸਾਧਨ ਸਮਝਿਆ ਗਿਆ ਹੈ। ਸੰਗੀਤ ਨੂੰ ਆਤਮਕ ਡੂੰਘਿਆਈਆਂ ਵਿੱਚ ਖੁੱਭ ਕੇ ਅਨੁਭਵ ਕਰਨਾ ਭਾਰਤੀ ਸੰਗੀਤ ਆਚਾਰੀਆਂ ਦਾ ਮੁੱਖ ਮੰਤਵ ਹੈ। ਭਾਰਤੀ ਸੰਗੀਤ ਵਿੱਚ ਅਨੁਭਵ ਅਤੇ ਸਹਿਜ ਗਿਆਨ ਦਾ ਵਿਸ਼ੇਸ਼ ਸਥਾਨ ਹੈ। ਪਰ ਇਸ ਦੇ ਉਲਟ ਪੱਛਮੀ ਸੰਗੀਤ ਵਿੱਚ ਵਿਸ਼ਲੇਸ਼ਣ ਅਤੇ ਤਰਕਸ਼ੀਲਤਾ ਹੈ! ਪੰਦਰਵੀਂ ਸੋਲ੍ਹਵੀਂ ਸਦੀ ਵਿੱਚ ਪੱਛਮੀ ਸੰਗੀਤ ਲਿੱਪੀ-ਬੱਧ ਹੋਣਾ ਸ਼ੁਰੂ ਹੋ ਗਿਆ ਸੀ। ਹੈਂਡਲ, ਬਾਖ ਤੇ ਬੀਥੋਵਨ ਦੇ ਸਮੇਂ ਤਕ ਤਾਂ ਇਸ ਨੇ ਬਹੁਤ ਹੀ ਵਿਗਿਆਨਕ ਰੂਪ ਧਾਰਨ ਕਰ ਲਿਆ। ਅੱਜ ਵੀ ਸਾਨੂੰ ਇਨ੍ਹਾਂ ਮਹਾਨ ਸੰਗੀਤਕਾਰਾਂ ਦੀਆਂ ਸੰਗੀਤ ਰਚਨਾਵਾਂ ਦਾ ਕੋਈ ਰਿਕਾਰਡ ਨਹੀਂ ਮਿਲਦਾ। ਅਮੀਰ ਖੁਸਰੋ ਤੇ ਤਾਨਸੈਨ ਨੇ ਜੋ ਰਾਗ ਨੂੰ ਤਰਤੀਬ ਦਿੱਤੀ ਉਨ੍ਹਾਂ ਦਾ ਅਸਲੀ ਰੂਪ ਅਜੇ ਪ੍ਰਾਪਤ ਨਹੀਂ। ਪੱਛਮੀ ਸੰਗੀਤ ਵਧੇਰੇ ਵਿਗਿਆਨਕ ਤੇ ਤਰਤੀਬ ਅਨੁਸਾਰ ਹੈ; ਇਸ ਵਿੱਚ ਇਕਸੁਰਤਾ ਦਾ ਵਿਸ਼ੇਸ਼ ਸਥਾਨ ਹੈ। ਪਰ ਭਾਰਤੀ ਸੰਗੀਤ ਵਿੱਚ ਭਾਵਾਂ ਦੀ ਪ੍ਰਧਾਨਤਾ ਹੋਣ ਕਾਰਣ ਇਸ ਵਿੱਚ ਤਰਕਸ਼ੀਲਤਾ ਦੀ ਘਾਟ ਹੈ। ਜਿੱਥੇ ਪੱਛਮੀ ਸੰਗੀਤ ਵਿੱਚ ਇਕਸੁਰਤਾ (ਹਾਰਮਨੀ) ਹੈ ਉੱਥੇ ਭਾਰਤੀ ਸੰਗੀਤ ਵਿੱਚ ਮਧੁਰਤਾ ਹੈ। ਭਾਰਤੀ ਸੰਗੀਤ ਵਿੱਚ ਲੈਅ ਅਤੇ ਤਾਲ ਦਾ ਪ੍ਰਮੁੱਖ ਸਥਾਨ ਹੈ। ਕਈ ਸ਼ਾਸਤਰਾਂ ਵਿੱਚ ਇਸ ਗੱਲ ਦਾ ਜ਼ਿਕਰ ਆਇਆ ਹੈ ਕਿ ਸੰਗੀਤਕਾਰ ਬੇਸੁਰਾ ਤਾਂ ਚਲ ਸਕਦਾ ਹੈ ਪਰ ਬੇਤਾਲਾ ਨਹੀਂ ਚਲ ਸਕਦਾ। ਤਾਲ ਗਿਆਨ ਭਾਰਤੀ ਸੰਗੀਤ ਵਿੱਚ ਬੜੀ ਵਿਸ਼ੇਸ਼ਤਾ ਰੱਖਦਾ ਹੈ। ਵੱਡੇ ਵੱਡੇ ਸੰਗੀਤਕਾਰਾਂ ਦੀ ਪਛਾਣ ਇਸ ਤੋਂ ਕੀਤੀ ਜਾਂਦੀ ਹੈ ਪਰ ਪੱਛਮੀ ਸੰਗੀਤ ਵਿੱਚ ਤਾਲ ਦੀਆਂ ਬਰੀਕੀਆਂ ਤੇ ਲੈਅ ਵੱਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ ਗਿਆ ਸਗੋਂ ਹਾਰਮਨੀ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ।

ਭਾਰਤੀ ਸੰਗੀਤ ਵਿੱਚ ਜਦੋਂ ਕੋਈ ਸੰਗੀਤਕਾਰ ਕਿਸੇ ਰਾਗ ਨੂੰ ਪੇਸ਼ ਕਰਦਾ ਹੈ ਤਾਂ ਉਸ ਰਾਗ ਦੇ ਸੁਰਾਂ ਨੂੰ ਕਲਪਨਾ ਤੇ ਅਨੁਭਵ ਦੇ ਸਹਾਰੇ ਬੜੇ ਸੁੰਦਰ ਤੇ ਮਧੁਰ ਢੰਗ ਨਾਲ ਸੁਰਾਂ ਨੂੰ ਉਲਟ ਪੁਲਟ ਕੇ ਪੇਸ਼ ਕਰਨ ਦਾ ਯਤਨ ਕਰਦਾ ਹੈ ਇਸ ਤਰ੍ਹਾਂ ਹਰ ਵਾਰ ਇੱਕ ਰਾਗ ਗਾਉਣ ਦਾ ਵੱਖਰਾ ਹੀ ਅਨੰਦ ਪ੍ਰਾਪਤ ਹੁੰਦਾ ਹੈ। ਕਿਹਾ ਜਾ ਸਕਦਾ ਹੈ ਕਿ ਭਾਰਤੀ ਸੰਗੀਤ ਸਿਰਜਨਾਤਮਕ ਵਧੇਰੇ ਹੈ। ਪੱਛਮੀ ਸੰਗੀਤ ਵਿੱਚ ਜਿਸ ਤ੍ਰਾਂ ਸੁਰ ਲਿਪੀ ਦਿੱਤੀ ਗਈ ਹੁੰਦੀ ਹੈ ਉਸੇ ਤਰ੍ਹਾਂ ਵਜਾਉਣ ਦਾ ਰਿਵਾਜ ਹੈ। ਪੱਛਮ ਦੇ ਪੁਰਾਤਨ ਸੰਗੀਤਕਾਰ ਜਿਵੇਂ ਬਾਖ ਤੇ ਬੀਥੋਵਨ ਆਦਿ ਨੇ ਜੋ ਸੰਗੀਤ ਰਚਿਆ ਹੈ ਉਹ ਅੱਜ ਵੀ ਉਸੇ ਤਰ੍ਹਾਂ ਵਜਾਇਆ ਜਾਂਦਾ ਹੈ।

ਜਿੱਥੇ ਭਾਰਤੀ ਸੰਗੀਤ ਵਿੱਚ ਗਾਇਨ ਦੀ ਪ੍ਰਧਾਨਤਾ ਹੈ ਉੱਥੇ ਪੱਛਮੀ ਸੰਗੀਤ ਵਿੱਚ ਵਾਦਨ ਦੀ ਪ੍ਰਧਾਨਤਾ ਹੈ। ਪੱਛਮੀ ਸੰਗੀਤ ਵਿੱਚ ਕਈ ਤਰ੍ਹਾਂ ਦੇ ਨਵੇਂ ਸਾਜ਼ ਆ ਚੁੱਕੇ ਹਨ। ਵੱਖ-ਵੱਖ ਸਾਜ਼ਾਂ ਦੀਆਂ ਅਵਾਜ਼ਾਂ ਨੂੰ ਵਿਗਿਆਨਕ ਤੌਰ ਤੇ ਸੰਗੀਤ ਵਿੱਚ ਅਪਣਾਇਆ ਜਾ ਰਿਹਾ ਹੈ, ਪੱਛਮੀ ਸੰਗੀਤ ਵਿੱਚ ਵੰਨ ਸੁਵੰਨਤਾ ਵਧੇਰੇ ਹੈ। ਸੰਗੀਤ ਦੇ ਰੂਪਾਂ ਵਿਚੋਂ ਸ਼ਿਫਨੀ, ਸੋਨਾਟਾ, ਕੰਨਸ਼ਰਟਿਓ ਸਟਰਿੰਗ ਕੁਆਰਟੇਟ, ਪਰੀਲਿਊਡ ਨਕਟਰਨ, ਓਵਰਟਯੂਡ ਤੇ ਸੁਇਟ ਪ੍ਰਸਿੱਧ ਹਨ। ਭਾਰਤੀ ਸੰਗੀਤ ਵਿੱਚ ਕਈ ਪ੍ਰਕਾਰ ਦੇ ਗਾਇਨ ਪ੍ਰਸਿੱਧ ਹਨ ਜਿਨ੍ਹਾਂ ਵਿੱਚੋਂ ਮੁੱਖ ਤੌਰ ਤੇ ਧਰੁਪਦ, ਖਿਆਲ, ਠੁਮਰੀ, ਦਾਦਰਾ, ਕੱਜਰੀ, ਟੱਪਾ ਤੇ ਗਜ਼ਲ ਖ਼ਾਸ ਤੌਰ ਤੇ ਵਰਣਨ ਯੋਗ ਹਨ। ਭਾਰਤੀ ਸਾਜ਼ਾਂ ਵਿੱਚੋਂ ਸਿਤਾਰ, ਵੀਣਾਂ, ਸਾਰੰਗੀ, ਸਰੋਦ, ਜਲਤਰੰਗ ਤੇ ਬੰਸਰੀ ਦਾ ਵਿਸ਼ੇਸ਼ ਸਥਾਨ ਹੈ। ਪੱਛਮ ਵਿੱਚ ਪਿਆਨੋ, ਵਾਇਲਨ, ਆਰਗਨ, ਅਕਾਰਡੀਅਨ, ਗਿਟਾਰ, ਬੈਂਜੋ, ਮੈਂਡੋਲਿਨ ਆਦਿ ਪ੍ਰਚਲਿਤ ਹਨ।

ਆਧੁਨਿਕ ਯੁਗ ਵਿੱਚ ਭਾਰਤੀ ਤੇ ਪੱਛਮੀ ਸੰਗੀਤ ਇੱਕ ਦੂਜੇ ਦੇ ਨੇੜੇ ਹੁੰਦਾ ਜਾ ਰਿਹਾ ਹੈ। ਪੱਛਮ ਵਿੱਚ ਭਾਰਤੀ ਸੰਗੀਤ ਪ੍ਰਸਿੱਧ ਹੋ ਰਿਹਾ ਹੈ ਅਤੇ ਭਾਰਤ ਵਿੱਚ ਪੱਛਮੀ ਸੰਗੀਤ। ਰਵੀ ਸ਼ੰਕਰ ਭਾਰਤ ਵਿੱਚ ਸਿਤਾਰ ਵਜਾਉਣ ਦੇ ਮਾਹਿਰ ਹਨ। ਅਮਰੀਕਾ ਤੇ ਯੂਰਪ ਦੇ ਦੇਸ਼ਾਂ ਵਿੱਚ ਭਾਰਤੀ ਸੰਗੀਤ ਦਾ ਪ੍ਰਚਾਰ ਕੀਤਾ ਹੈ। ਇਸ ਤੋਂ ਇਲਾਵਾ ਸਮੇਂ ਸਮੇਂ ਤੇ ਭਾਰਤੀ ਸੰਗੀਤਕਾਰ ਪੱਛਮੀ ਦੇਸ਼ਾਂ ਵਿੱਚ ਜਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਅਲੀ ਅਕਰਬ ਖਾਂ ਦੀ ਸਰੋਦ, ਅੱਲਾ ਰੱਖਾ ਦਾ ਤਬਲਾ ਤੇ ਪੰਡਤ ਰਾਮ ਨਾਰਾਇਣ ਦੀ ਸਾਰੰਗੀ ਦਾ ਜਾਦੂ ਪੱਛਮੀ ਲੰਕਾ ਤੇ ਖੂਬ ਚਲਿਆ ਹੈ। ਐਮ. ਸੁਬਾਲਕਸ਼ਮੀ ਨੇ ਕਰਨਾਟਕੀ ਸੰਗੀਤ ਦਾ ਪ੍ਰਚਾਰ ਕੀਤਾ ਹੈ।

ਇਧਰ ਭਾਰਤ ਵਿੱਚ ਵੀ ਪੱਛਮੀ ਸੰਗੀਤ ਦਾ ਪ੍ਰਚਾਰ ਹੋ ਰਿਹਾ ਹੈ। ਪੱਛਮੀ ਸੰਗੀਤ ਸਾਜ਼ ਵਿਸ਼ੇਸ਼ ਤੌਰ ਤੇ

ਭਾਰਤ ਵਿੱਚ ਪ੍ਰਸਿੱਧ ਹੋ ਰਹੇ ਹਨ। ਖ਼ਾਸ ਕਰ ਕੇ ਫ਼ਿਲਮ ਜਗਤ ਵਿੱਚ ਪੱਛਮੀ ਸੰਗੀਤ ਦਾ ਬੜਾ ਪ੍ਰਭਾਵ ਪੈ ਰਿਹਾ ਹੈ। ਪ੍ਰਸਿੱਧ ਫ਼ਿਲਮੀ ਸੰਗੀਤਕਾਰ ਨੌਸ਼ਾਦ ਅਲੀ, ਸਲੀਲ ਚੌਧਰੀ, ਐਸ. ਡੀ. ਬਰਮਨ, ਸ਼ੰਕਰ ਜੈ ਕਿਸ਼ਨ, ਮਦਨ ਮੋਹਨ ਅਤੇ ਆਰ. ਡੀ. ਬਰਮਨ ਨੇ ਇਸ ਪੱਖੋਂ ਪੱਛਮੀ ਤੇ ਭਾਰਤੀ ਸੰਗੀਤ ਦਾ ਬੜਾ ਸੋਹਣਾ ਸੰਗਮ ਕੀਤਾ ਹੈ। ਪੱਛਮੀ ਅਤੇ ਭਾਰਤੀ ਸੰਗੀਤ ਇੱਕ ਦੂਜੇ ਦੇ ਨੇੜੇ ਹੋ ਰਹੇ ਹਨ। 10 ਦਸੰਬਰ 1960 ਨੂੰ ਸੰਯੁਕਤ ਰਾਜ ਦੇ ਮਾਨਵ ਅਧਿਕਾਰ ਦਿਵਸ ਉੱਤੇ ਭਾਰਤ ਦੇ ਪ੍ਰਸਿੱਧ ਸਿਤਾਰ ਵਾਦਕ ਰਵੀ ਸ਼ੰਕਰ ਅਤੇ ਪੱਛਮ ਦੇ ਪ੍ਰਸਿੱਧ ਵਾਇਲਨ ਵਾਦਕ ਯਹੂਦੀ ਮੈਨੂਈਨ ਨੇ ਮਿਲ ਕੇ ਰਾਗ ਪੀਲੂ ਤੇ ਆਧਾਰਤ ਇੱਕ ਸੰਗੀਤ ਰਚਨਾ 'ਪੂਰਬ ਪੱਛਮ' ਦਾ ਮਿਲਾਪ ਪੇਸ਼ ਕੀਤੀ। ਰਵੀ ਸ਼ੰਕਰ ਨੇ ਜਦੋਂ ਸਿਤਾਰ ਉੱਤੇ ਪੀਲੂ ਰਾਗ ਦਾ ਅਲਾਪ ਛੇੜਿਆ ਤਾਂ ਇੱਕ ਸੁਖਾਵਾਂ ਜਿਹਾ ਸੰਗੀਤਮਈ ਵਾਤਾਵਰਣ ਛਾ ਗਿਆ। ਇਸ ਵਾਤਾਵਰਣ ਵਿੱਚ ਹੋਰ ਵੀ ਖ਼ੂਬਸੂਰਤੀ ਪੈਦਾ ਹੋ ਗਈ ਜਦੋਂ ਯਹੂਦੀ ਮੈਨੂਈਨ ਨੇ ਵਾਇਲਨ ਉੱਤੇ ਆਪਣੇ ਹੀ ਅੰਦਾਜ਼ ਨਾਲ ਪੀਲੂ ਰਾਗ ਦਾ ਅਲਾਪ ਛੇੜਿਆ। ਦੋ ਵੱਖ-ਵੱਖ ਦੇਸ਼ਾਂ ਦੇ ਇਨ੍ਹਾਂ ਸੰਗੀਤਕਾਰਾਂ ਨੇ ਇੱਕੋ ਰਾਗ ਨੂੰ ਮਿਲ ਕੇ ਕੁਝ ਇਸ ਅੰਦਾਜ਼ ਨਾਲ ਪੇਸ਼ ਕੀਤਾ ਜਿਸ ਨਾਲ ਪੂਰਬ ਤੇ ਪੱਛਮ ਦੀ ਗਲਵਕੜੀ ਪੈਂਦੀ ਨਜ਼ਰ ਆਈ। ਇੰਗਲੈਂਡ ਦੇ ਪ੍ਰਸਿੱਧ ਸਾਹਿਤਕਾਰ ਕਿਪਲਿੰਗ ਨੇ ਇਹ ਕਿਹਾ ਸੀ ਕਿ ਪੂਰਬ, ਪੂਰਬ ਹੈ ਤੇ ਪੱਛਮ, ਪੱਛਮ ਅਤੇ ਇਨ੍ਹਾਂ ਦੋਹਾਂ ਦਾ ਮਿਲਾਪ ਅਸੰਭਵ ਹੈ। ਪਰ ਰਵੀ ਸ਼ੰਕਰ ਤੇ ਯਹੂਦੀ ਮੈਨੂਈਨ ਨੇ ਆਪਣੇ ਸੰਗੀਤ ਰਾਹੀਂ ਕਿਪਲਿੰਗ ਦੇ ਇਸ ਕਥਨ ਨੂੰ ਗ਼ਲਤ ਸਾਬਤ ਕਰ ਦਿੱਤਾ ਅਤੇ ਇਹ ਦੱਸ ਦਿੱਤਾ ਕਿ ਸੰਗੀਤ ਰਾਹੀਂ ਕਿਵੇਂ ਪੂਰਬ ਤੇ ਪੱਛਮ ਇਕਮਿਕ ਹੋ ਸਕਦੇ ਹਨ। ਪਿੱਛੇ ਜਿਹੇ ਅਮਰੀਕਾ ਦਾ ਪ੍ਰਸਿੱਧ ਗਿਟਾਰ ਵਾਦਕ ਚਾਲੀਬਰਡ ਜਦੋਂ ਭਾਰਤ ਆਇਆ ਤਾਂ ਉਸਨੇ ਬੰਬਈ, ਮਦਰਾਸ, ਬੰਗਲੌਰ, ਅਹਿਮਦਾਬਾਦ, ਪੂਨਾ, ਪਟਨਾ ਤੇ ਕਲਕੱਤਾ ਵਿੱਚ ਕਈ ਸੰਗੀਤ ਦੇ ਪ੍ਰੋਗਰਾਮ ਪੇਸ਼ ਕੀਤੇ। ਭਾਰਤ ਦੇ ਲੋਕਾਂ ਨੇ ਚਾਰਲੀਬਰਡ ਦੇ ਸੰਗੀਤ ਦੀ ਬੜੀ ਸ਼ਲਾਘਾ ਕੀਤੀ। ਚਾਰਲੀਬਰਡ ਦਾ ਉਸਤਾਦ ਪ੍ਰਸਿੱਧ ਸੰਗੀਤਕਾਰ ਐਡਰੀਸ ਸੈਗੋਵੀਆ ਹੈ। ਉਸਨੇ ਭਾਰਤ ਵਿੱਚ ਰਵੀ ਸ਼ੰਕਰ ਤੋਂ ਸਿਤਾਰ ਦੀ ਸਿੱਖਿਆ ਵੀ ਪ੍ਰਾਪਤ ਕੀਤੀ ਹੈ। ਇਸ ਕਰਕੇ ਭਾਰਤੀ ਸੰਗੀਤ ਦੀ ਵੀ ਇਸ ਨੂੰ ਸੂਝ ਹੈ। ਚਾਰਲੀਬਰਡ ਜਦੋਂ ਸਪੇਨਿਸ਼ ਗਿਟਾਰ ਉੱਤੇ ਕੋਈ ਰਾਗ ਵਜਾਉਂਦਾ ਹੈ ਤਾਂ ਪੂਰਬੀ ਤੇ ਪੱਛਮੀ ਸੰਗੀਤ ਨੂੰ ਇਕਸੁਰ ਕਰ ਦਿੰਦਾ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਯੁਗ ਵਿੱਚ ਭਾਰਤੀ ਤੇ ਪੱਛਮੀ ਸੰਗੀਤ ਇੱਕ ਦੂਜੇ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤਰ੍ਹਾਂ ਉਹ ਇੱਕ ਦੂਜੇ ਦੇ ਨਜ਼ਦੀਕ ਹੋ ਰਹੇ ਹਨ। ਭਾਰਤ ਦੇ ਕਈ ਸੰਗੀਤਕਾਰਾਂ ਨੇ ਭਾਰਤੀ ਤੇ ਪੱਛਮੀ ਸੰਗੀਤ ਦੇ ਆਧਾਰ ਤੇ ਕਈ ਤਜਰਬੇ ਕੀਤੇ ਹਨ, ਜਿਵੇਂ ਫ਼ਿਲਮ ਦੇ ਪ੍ਰਸਿੱਧ ਸੰਗੀਤਕਾਰ ਸ਼ੰਕਰ ਅਤੇ ਜੈ ਕਿਸ਼ਨ ਨੇ ਰਾਗਾਂ ਨੂੰ ਜੇਜ਼ ਸੰਗੀਤ ਵਾਂਗ ਪੇਸ਼ ਕਰਨ ਦਾ ਬੜਾ ਸਫ਼ਲ ਯਤਨ ਕੀਤਾ ਹੈ। ਇਸੇ ਤਰ੍ਹਾਂ ਭਾਰਤੀ ਰਾਗਾਂ ਨੂੰ ਪੱਛਮੀ ਸੋਨਾਟਾ ਨਾਲ ਇਕਮਿਕ ਕਰਕੇ ਪੇਸ਼ ਕੀਤਾ ਗਿਆ ਹੈ।

**ਸੰਗੀਤ ਦਾ ਮਨੁੱਖੀ ਜੀਵਨ ਤੇ ਪ੍ਰਭਾਵ :**

ਸੰਗੀਤ ਦਾ ਮਨੁੱਖੀ ਜੀਵਨ ਤੇ ਬਹੁਤ ਡੂੰਘਾ ਪ੍ਰਭਾਵ ਗਿਆ ਹੈ। ਸੰਗੀਤ ਸਦਕਾ ਹੀ ਮਨੁੱਖ ਅੰਦਰ ਕੋਮਲਤਾ, ਪਿਆਰ, ਮੁਹੱਬਤ, ਹਮਦਰਦੀ ਤੇ ਨਿਮਰਤਾ ਦੀ ਭਾਵਨਾ ਪੈਦਾ ਹੁੰਦੀ ਹੈ। ਸੰਗੀਤ ਸਭਿਅਤਾਵਾਂ ਦੇ ਮੇਲ ਮਿਲਾਪ ਵਿੱਚ ਵਿਸ਼ੇਸ਼ ਰੋਲ ਅਦਾ ਕਰਦਾ ਹੈ। ਸੰਗੀਤ ਕੋਮਲ ਕਲਾ ਦੇ ਨਾਤੇ ਮਨੁੱਖੀ ਭਾਵਾਂ ਦੇ ਪ੍ਰਗਟਾਉ ਦਾ ਚੰਗਾ ਸਾਧਨ ਹੈ। ਭਾਰਤੀ ਚਿੰਤਕਾਂ ਤੇ ਵਿਦਵਾਨਾਂ ਨੇ ਸੰਗੀਤ ਨੂੰ ਧਰਮ, ਅਰਥ, ਕਾਮ ਤੇ ਮੁਕਤੀ ਪ੍ਰਾਪਤ ਕਰਨ ਦਾ ਸਭ ਤੋਂ ਵੱਡਾ ਸਾਧਨ ਮੰਨਿਆ ਹੈ। ਸੰਗੀਤ ਦੇ ਪ੍ਰਭਾਵ ਬਾਰੇ ਕਈ ਤਜ਼ਰਬੇ ਵੀ ਕੀਤੇ ਗਏ ਹਨ ਜਿਨ੍ਹਾਂ ਦੇ ਨਤੀਜੇ ਬੜੇ ਸ਼ਲਾਘਾ ਯੋਗ ਹਨ। ਸਵੀਡਨ ਵਿੱਚ ਸੰਗੀਤ ਦੀ ਸਹਾਇਤਾ ਨਾਲ ਗਊਆਂ ਤੋਂ ਵਧੇਰੇ ਦੁੱਧ ਪ੍ਰਾਪਤ ਕੀਤਾ ਗਿਆ ਹੈ। ਕਈ ਪੌਦਿਆਂ ਦੇ ਵਧਣ ਵਿੱਚ ਸੰਗੀਤ ਬੜਾ ਸਹਾਈ ਸਾਬਤ ਹੋਇਆ ਹੈ। ਇਸ ਤਰ੍ਹਾਂ ਸੰਗੀਤ ਬੀਮਾਰ ਰੋਗੀਆਂ ਦੀ ਬੀਮਾਰੀ ਨੂੰ ਦੂਰ ਕਰਨ ਵਿੱਚ ਬੜਾ ਸਹਾਈ ਸਾਬਤ ਹੋਇਆ। ਸੰਗੀਤ ਤਾਂ ਇੱਕ ਅਜਿਹੀ ਸ਼ਕਤੀ ਹੈ ਜੋ ਮਨੁੱਖ ਤੋਂ ਇਲਾਵਾ ਪਸ਼ੂ, ਪੰਛੀਆਂ ਤੇ ਪੌਦਿਆਂ ਉੱਤੇ ਵੀ ਆਪਣਾ ਪੂਰਾ ਅਸਰ ਰੱਖਦੀ ਹੈ। ਕਿਹਾ ਜਾ ਸਕਦਾ ਹੈ ਕਿ ਰੱਬ ਨੇ ਇਨਸਾਨ ਨੂੰ ਅਗਰ ਕੋਈ ਵਡਮੁੱਲੀ ਦਾਤ ਬਖਸ਼ੀ ਹੈ ਤਾਂ ਉਹ ਸੰਗੀਤ ਹੈ। ਜੇ ਮਨੁੱਖ ਪ੍ਰਭੂ ਦੀ ਇਸ ਦਾਤ ਨੂੰ ਸੀਨੇ ਨਾਲ ਲਗਾ ਲਵੇ ਤਾਂ ਇਹ ਦੁਨੀਆਂ ਸਵਰਗ ਦਾ ਰੂਪ ਧਾਰ ਸਕਦੀ ਹੈ। ਸੰਗੀਤ ਅਮਨ ਤੇ ਸ਼ਾਂਤੀ ਦਾ ਪੈਗਾਮ ਹੈ। ☬

---

'ਸੰਸਾਰ ਦੇ ਪ੍ਰਸਿੱਧ ਸੰਗੀਤਕਾਰ' ਪੁਸਤਕ ਵਿੱਚੋਂ
ਧੰਨਵਾਦ ਸਹਿਤ

# ਅੰਮ੍ਰਿਤ

## ਸੋਹਿੰਦਰ ਸਿੰਘ ਵਣਜਾਰਾ ਬੇਦੀ

ਇੱਕ ਵਿਸ਼ੇਸ਼ ਪ੍ਰਕਾਰ ਦਾ ਦੈਵੀ ਪਦਾਰਥ ਜਿਸ ਨੂੰ ਪੀਣ ਨਾਲ ਪ੍ਰਾਣੀ ਅਮਰ ਹੋ ਜਾਂਦਾ ਹੈ। ਪੁਰਾਣਾਂ ਅਨੁਸਾਰ ਅੰਮ੍ਰਿਤ ਉਹ ਜੀਵਨਦਾਇਕ ਰਸ ਹੈ, ਜੋ ਖੀਰ ਸਾਗਰ ਨੂੰ ਮੱਥ ਕੇ ਕੱਢਿਆ ਗਿਆ ਅਤੇ ਜਿਸ ਨੂੰ ਪੀ ਕੇ ਦੇਵਤੇ ਅਮਰ ਹੋ ਗਏ।

ਸਾਗਰ ਨੂੰ ਮੱਥ ਕੇ ਅੰਮ੍ਰਿਤ ਕੱਢਣ ਦੀ ਕਥਾ ਰਾਮਾਇਣ, ਮਹਾਂਭਾਰਤ ਤੇ ਕਈ ਪੁਰਾਣਾਂ ਵਿੱਚ ਥੋੜ੍ਹੀ ਬਹੁਤੀ ਭਿੰਨਤਾ ਨਾਲ ਮਿਲਦੀ ਹੈ। ਦੇਵਤਿਆਂ ਨੇ ਖੀਰ ਸਾਗਰ ਨੂੰ ਰਿੜਕਣ ਵੇਲੇ ਸੁਮੇਰ ਪਰਬਤ ਨੂੰ ਮਧਾਣਾ ਅਤੇ ਬਾਸ਼ਕ ਨਾਗ ਨੂੰ ਨੇਤਰਾ ਬਣਾਇਆ। ਸਮੁੰਦਰ ਮਥਣ ਦਾ ਕੰਮ ਦੇਵਤਿਆਂ ਤੋਂ ਇਕੱਲਿਆਂ ਨਾ ਨਿਭ ਸਕਿਆ। ਸੋ ਉਹਨਾਂ ਨੇ ਦੈਂਤਾਂ ਨੂੰ ਵੀ ਅੰਮ੍ਰਿਤ ਵਿੱਚੋਂ ਅੱਧਾ ਹਿੱਸਾ ਦੇਣ ਦਾ ਲੋਭ ਦੇ ਕੇ ਭਾਈਵਾਲ ਬਣਾ ਲਿਆ।

ਖੀਰ ਸਾਗਰ ਨੂੰ ਮਥਦਿਆਂ ਉਸ ਵਿੱਚੋਂ ਚੌਦਾਂ ਰਤਨ ਨਿਕਲੇ, ਜਿਨ੍ਹਾਂ ਵਿੱਚੋਂ ਇੱਕ ਰਤਨ ਅੰਮ੍ਰਿਤ ਸੀ। ਅੰਮ੍ਰਿਤ ਦੇ ਕੁੰਭ ਨੂੰ ਦੈਂਤ ਚੁੱਕ ਕੇ ਨੱਠ ਗਏ। ਦੇਵਤੇ ਬੜੇ ਘਬਰਾਏ ਕਿ ਜੇ ਦੈਂਤ ਅੰਮ੍ਰਿਤ ਪੀ ਕੇ ਅਮਰ ਹੋ ਗਏ ਤਾਂ ਦੁਨੀਆਂ ਉੱਤੋਂ ਨੇਕੀ ਦਾ ਬੀਜ ਨਸ਼ਟ ਹੋ ਜਾਵੇਗਾ। ਸੋ ਉਨ੍ਹਾਂ ਵਿਸ਼ਨੂੰ ਨੇ ਇੱਕ ਸੁੰਦਰ ਮੁਟਿਆਰ 'ਮੋਹਣੀ' ਦਾ ਰੂਪ ਧਾਰਨ ਕੀਤਾ ਅਤੇ ਜਿਥੇ ਦੈਂਤ ਅੰਮ੍ਰਿਤ ਪੀਣ ਲਈ ਇਕੱਤ੍ਰ ਹੋਏ ਸਨ, ਉਥੇ ਪਹੁੰਚ ਕੇ ਨੱਚਣਾ ਸ਼ੁਰੂ ਕਰ ਦਿੱਤਾ। ਮੋਹਣੀ ਨੇ ਚੰਚਲ ਅਦਾਵਾਂ ਨਾਲ ਦੈਂਤਾਂ ਦੇ ਮਨ ਨੂੰ ਮੋਹ ਲਿਆ ਤੇ ਉਨ੍ਹਾਂ ਨੂੰ ਵਰਗਲਾ ਕੇ ਉਨ੍ਹਾਂ ਤੋਂ ਅੰਮ੍ਰਿਤ ਦਾ ਕੁੰਭ ਖੁਦ ਲੈ ਲਿਆ। ਫਿਰ ਮੋਹਿਨੀ ਦੈਂਤਾਂ ਤੇ ਦੇਵਤਿਆਂ ਨੂੰ ਇੱਕ ਥਾਂ ਇਕੱਠਾ ਬਿਠਾ ਕੇ ਅੰਮ੍ਰਿਤ ਵੰਡਣ ਲੱਗੀ। ਉਸ ਨੇ ਦੇਵਤਿਆਂ ਦੀ ਦਿਸ਼ਾ ਵਲੋਂ ਅੰਮ੍ਰਿਤ ਵੰਡਣਾ ਸ਼ੁਰੂ ਕੀਤਾ। ਰਾਹੂ ਨੇ ਵੇਖਿਆ ਕਿ ਅੰਮ੍ਰਿਤ ਦਾ ਕੁੰਭ ਮੁੱਕ ਰਿਹਾ ਹੈ, ਸੋ ਉਹ ਦੇਵਤੇ ਦਾ ਰੂਪ ਧਾਰ ਕੇ ਚੰਦ੍ਰਮਾ ਤੇ ਸੂਰਜ ਕੋਲ ਜਾ ਬੈਠਾ। ਚੰਦ੍ਰਮਾ ਤੇ ਸੂਰਜ ਨੂੰ, ਰਾਹੂ ਦਾ ਪ੍ਰਛਾਵਾਂ ਵੇਖ ਕੇ, ਉਸ ਦੇ ਦੇਵਤਵ ਉੱਤੇ ਸੰਦੇਹ ਉੱਠਿਆ, ਕਿਉਂ ਜੋ ਦੇਵਤਿਆਂ ਦਾ ਪ੍ਰਛਾਵਾਂ ਨਹੀਂ ਹੁੰਦਾ। ਜਦੋਂ ਮੋਹਿਨੀ ਰਾਹੂ ਨੂੰ ਅੰਮ੍ਰਿਤ ਦੀਆਂ ਬੂੰਦਾਂ ਦੇ ਰਹੀ ਸੀ ਤਾਂ ਸੂਰਜ ਅਤੇ ਚੰਦਰਮਾ ਨੇ ਮੋਹਿਨੀ ਨੂੰ ਉਸ ਦੇ ਪ੍ਰਛਾਵੇ ਵੱਲ ਇਸ਼ਾਰਾ ਕੀਤਾ। ਵਿਸ਼ਨੂੰ ਉਸੇ ਵੇਲੇ ਮੋਹਿਨੀ ਦਾ ਰੂਪ ਤਿਆਗ ਕੇ ਅਸਲੀ ਰੂਪ ਵਿੱਚ ਆ ਗਏ ਅਤੇ ਉਨ੍ਹਾਂ ਨੇ ਉਸੇ ਛਿਣ ਰਾਹੂ ਦਾ ਸਿਰ ਵੱਢ ਦਿੱਤਾ। ਪਰ ਰਾਹੂ ਅੰਮ੍ਰਿਤ ਪੀ ਚੁੱਕਾ ਸੀ, ਇਸ ਲਈ ਉਸ ਦਾ ਸਿਰ ਤੇ ਧੜ ਦੋਵੇਂ ਅਮਰ ਹੋ ਗਏ ਅਤੇ ਰਾਹੂ ਕੇਤੂ ਦੇ ਰੂਪ ਵਿੱਚ ਆਕਾਸ਼ ਮੰਡਲ ਵਿੱਚ ਵਿਚਰਨ ਲੱਗੇ। ਉਦੋਂ ਤੋਂ ਰਾਹੂ ਅਤੇ ਕੇਤੂ ਚੰਦ੍ਰਮੇ ਤੇ ਸੂਰਜ ਦਾ ਪਿੱਛਾ ਕਰ ਰਹੇ ਹਨ। ਜਦੋਂ ਉਹ ਇਨ੍ਹਾਂ ਨੂੰ ਆਪਣੇ ਮੂੰਹ ਵਿੱਚ ਨਿਗਲਣ ਲੱਗਦੇ ਹਨ, ਤਾਂ ਗ੍ਰਹਿਣ ਲੱਗਦਾ ਹੈ।

'ਅੰਮ੍ਰਿਤ' ਸ਼ਬਦ ਵੇਦਾਂ ਵਿੱਚ ਯੱਗ ਵਿੱਚ ਵਰਤੇ ਜਾਣ ਵਾਲੇ ਅਨੇਕਾਂ ਪਦਾਰਥਾਂ, ਵਿਸ਼ੇਸ਼ ਕਰ ਕੇ ਸੋਮਰਸ ਲਈ ਵੀ ਵਰਤਿਆ ਜਾਂਦਾ ਰਿਹਾ, ਪਰ ਪੌਰਾਣਿਕ ਕਾਲ ਵਿੱਚ ਅੰਮ੍ਰਿਤ ਸ਼ਬਦ ਆਮ ਤੌਰ ਤੇ ਖੀਰ ਸਾਗਰ ਵਿੱਚੋਂ ਨਿਕਲੇ ਅੰਮ੍ਰਿਤ ਲਈ ਪ੍ਰਯੋਗ ਹੋਣ ਲੱਗਾ। ਸ਼ਤਪਥ ਵਿੱਚ ਅੰਮ੍ਰਿਤ ਸ਼ਬਦ ਦੇਵਤਿਆਂ ਲਈ ਵੀ ਵਰਤਿਆ ਗਿਆ ਹੈ।

ਯੋਗ ਸਾਧਨਾ ਵਿੱਚ ਸਹੰਸਰਦਲ ਕਮਲ ਦੇ ਮੱਧ ਵਿੱਚ ਸਥਿਤ ਚੰਦ੍ਰਮਾ ਤੋਂ ਜੋ ਰਸ ਝਰਦਾ ਹੈ, ਉਸ ਨੂੰ ਵੀ ਅੰਮ੍ਰਿਤ ਕਿਹਾ ਜਾਂਦਾ ਹੈ। ਇਹ ਰਸ ਸਹੰਸਰਦਲ ਕੰਵਲ ਤੋਂ ਹੇਠਾਂ ਉਤਰਦਾ ਹੋਇਆ ਮੂਲਾਧਾਰ ਚੱਕਰ ਦੇ ਕੋਲ ਆ ਕੇ ਸਰੀਰ ਦੇ ਹੋਰ ਰਸਾਂ ਵਿੱਚ ਵਿਲੀਨ ਹੋ ਜਾਂਦਾ ਹੈ। ਜੋਗੀ ਕੁੰਡਲਨੀ ਸ਼ਕਤੀ ਨੂੰ ਜਗਾ ਕੇ ਇਸੇ ਰਸ ਨੂੰ ਪੀਂਦੇ ਹਨ। ਭਗਤ ਕਬੀਰ ਤੇ ਹੋਰ ਸੰਤਾਂ ਨੇ ਯੋਗ ਦੇ ਇਸ ਰਸ ਦਾ ਵਰਨਣ ਕਈ ਥਾਈਂ ਕੀਤਾ ਹੈ- "ਰਸ ਗਗਨ ਗੁਫਾ ਸੇ ਅਜਰ ਝਰੈ।" -ਕਬੀਰ।

ਯੂਨਾਨੀ ਤੇ ਰੋਮਨ ਪੁਰਾਣਧਾਰਾ ਵਿੱਚ ਇੱਕ ਵਿਸ਼ੇਸ਼ ਪ੍ਰਕਾਰ ਦੇ ਅੰਮ੍ਰਿਤ 'ਅੰਬਰੋਸੀਆ' ਦਾ ਵਰਨਣ ਮਿਲਦਾ ਹੈ ਜੋ ਦੇਵਤੇ ਪੀਤਾ ਕਰਦੇ ਸਨ। ਮੁਸਲਮਾਨੀ ਪੁਰਾਣਧਾਰਾ ਵਿੱਚ 'ਆਬੇ ਹਯਾਤ' ਦਾ ਜ਼ਿਕਰ ਆਉਂਦਾ ਹੈ ਜੋ ਮੂਲ ਵਿੱਚ ਅੰਮ੍ਰਿਤ ਦਾ ਹੀ ਸਮਾਨਾਰਥਕ ਹੈ। ਖ਼ਵਾਜਾ ਖ਼ਿਜ਼ਰ ਨੇ ਬੜੀਆਂ ਘਾਲਣਾ ਨਾਲ ਇਸ ਵਿਸ਼ੇਸ਼ ਅੰਮ੍ਰਿਤ ਨੂੰ ਲੱਭ ਕੇ ਪੀਤਾ ਸੀ ਤੇ ਉਹ ਰਹਿੰਦੀ ਦੁਨੀਆਂ ਤੱਕ ਅਮਰ ਹੋ ਗਿਆ।

ਸਿੱਖਾਂ ਵਿੱਚ ਅੰਮ੍ਰਿਤ ਉਸ ਪਵਿੱਤ੍ਰ ਜਲ ਨੂੰ ਕਹਿੰਦੇ ਹਨ ਜੋ ਗੁਰੂ ਗੋਬਿੰਦ ਸਿੰਘ ਦੇ ਆਦੇਸ਼ ਅਨੁਸਾਰ, ਆਦਿ ਗ੍ਰੰਥ ਦੀ ਹਜ਼ੂਰੀ ਵਿੱਚ, ਲੋਹ ਦੇ ਬਾਟੇ ਵਿੱਚ, ਜਲ ਤੇ ਪਤਾਸੇ ਪਾ ਕੇ, ਪੰਜਾਂ ਬਾਣੀਆਂ ਦਾ ਜਾਪ ਕਰਦਿਆਂ ਤਿਆਰ ਕੀਤਾ ਜਾਂਦਾ ਹੈ। ਪੰਜ ਪਿਆਰੇ ਵਾਰੋ-ਵਾਰੀ ਇੱਕ-ਇੱਕ ਬਾਣੀ ਦਾ ਪਾਠ ਕਰਦੇ ਹੋਏ ਪੰਜਾਂ ਬਾਣੀਆਂ ਦਾ ਪਾਠ ਕਰਦੇ ਹਨ ਤੇ ਬਾਟੇ ਵਿੱਚ ਪਏ ਜਲ ਤੇ ਪਤਾਸਿਆਂ ਵਿੱਚ ਕ੍ਰਿਪਾਨ ਫੇਰਦੇ ਜਾਂਦੇ ਹਨ। ਹਰੇਕ ਸਿੱਖ ਲਈ ਅੰਮ੍ਰਿਤ ਛਕਣਾ ਲਾਜ਼ਮੀ ਹੈ। ਸਭ ਤੋਂ ਪਹਿਲਾਂ ਅੰਮ੍ਰਿਤ ਛਕਾਣ ਦੀ ਰਸਮ ਕੇਸਗੜ੍ਹ ਵਿਖੇ 1699 ਈ: ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਨੇ ਕੀਤੀ। ਪਹਿਲਾਂ ਉਨ੍ਹਾਂ ਨੇ ਸੰਗਤ ਵਿਚੋਂ ਪੰਜ ਪਿਆਰਿਆਂ ਨੂੰ ਚੁਣ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਉਨ੍ਹਾਂ ਤੋਂ ਖੁਦ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਵਾਲੇ ਸਿੱਖ ਨੂੰ ਅੰਮ੍ਰਿਤਧਾਰੀ ਕਿਹਾ ਜਾਂਦਾ ਹੈ।

ਸਿੱਖਾਂ ਵਿੱਚ ਅੰਮ੍ਰਿਤ ਸ਼ਬਦ ਉਸ ਜਲ ਲਈ ਵੀ ਵਰਤਿਆ ਜਾਂਦਾ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ ਰੱਖਿਆ ਜਾਣ ਕਰ ਕੇ ਪਵਿਤ੍ਰਤਾ ਗ੍ਰਹਿਣ ਕਰ ਲੈਂਦਾ ਹੈ। ਧਾਰਨਾ ਅਨੁਸਾਰ ਇਸ ਅਖੰਡ ਪਾਠ ਦੇ ਭੋਗ ਮਗਰੋਂ ਇਸ ਕੁੰਭ ਦਾ ਜਲ ਅੰਮ੍ਰਿਤ ਵਿੱਚ ਪਰਿਵਰਤਿਤ ਹੋ ਜਾਂਦਾ ਹੈ। ਇਸ ਨੂੰ ਸਿੱਖ ਅੰਮ੍ਰਿਤ ਵਾਂਙ ਹੀ ਰਸਨੀ ਲਗਾਂਦੇ ਹਨ।

*( ਪੁਸਤਕ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚੋਂ ਧੰਨਵਾਦ ਸਹਿਤ )*

**PAGE SPONSORED BY : AHUJA FAMILY**
C-353, Defence Colony New Delhi 110 024

# ਪੁਸਤਕ ਸਮੀਖਿਆ

**ਕੋਮਲ ਸਿੰਘ**

**# 2656, ਫੇਜ਼: XI, ਮੁਹਾਲੀ-ਚੰਡੀਗੜ੍ਹ**

**ਪੁਸਤਕ : ਗੁਰਬਾਣੀ ਚਾਨਣ (Thus Says Sri Guru Granth Sahib)**

**ਲੇਖਕ : ਸਾਵਣ ਸਿੰਘ ਪੰਨੇ : 142 ਪ੍ਰਕਾਸ਼ਕ : ਹਰਸ਼ਗੀਤ ਪ੍ਰਕਾਸ਼ਨ, ਚੰਡੀਗੜ੍ਹ।**

ਗੁਰਬਾਣੀ ਅਗਾਧ-ਬੋਧ ਹੈ। ਇਸ ਦੀ ਥਾਹ ਪਾਉਣੀ ਬਹੁਤ ਔਖੀ ਹੈ। ਜਿੰਨੀ ਡੂੰਘੀ ਕੋਈ ਚੁੱਭੀ ਲਾ ਸਕਦਾ ਹੈ, ਉਨੇ ਹੀ ਮਾਣਕ-ਮੋਤੀ ਚੁਗ ਸਕਦਾ ਹੈ। ਗੁਰਬਾਣੀ ਦੇ ਅਰਥਾਂ ਤੱਕ ਪਹੁੰਚਣ ਲਈ ਬਹੁਤ ਉੱਚੀ ਸੁਰਤੀ ਦੀ ਲੋੜ ਹੈ। ਬਾਣੀ ਆਮ ਸੰਸਾਰਿਕ ਕਵਿਤਾ ਨਹੀਂ। ਬਾਣੀ ਦਾ ਵਧੇਰੇ ਭਾਗ ਕਵਿਤਾ ਨਹੀਂ ਸਗੋਂ ਰਮਜ਼ ਹੈ। ਰਮਾਜ਼ ਨੂੰ ਕੇਵਲ ਸਾਧਕ ਜਾਂ ਸ਼ਰਧਾਲੂ ਹੀ ਸਮਝ ਸਕਦਾ ਹੈ।

ਗੁਰਬਾਣੀ ਰੱਬ ਨਾਲ ਕੀਤੀਆਂ ਗੱਲਾਂ ਹਨ। ਕੋਈ ਗੁਰੂ ਸਵਾਰਿਆ ਹੀ ਇਹ ਕਾਰਜ ਕਰ ਸਕਦਾ ਹੈ। ਪ੍ਰਿੰਸੀਪਲ ਸਾਵਣ ਸਿੰਘ ਹੋਰਾਂ ਗੁਰਬਾਣੀ ਚੋਂ ਵੱਖ-ਵੱਖ 48 ਵਿਸ਼ੇ ਲੈ ਕੇ, ਉਹਨਾਂ ਨਾਲ ਸੰਬੰਧਤ ਗੁਰਬਾਣੀ ਟੁਕਾਂ ਲੈ ਕੇ ਉਹਨਾਂ ਦੇ ਪੰਜਾਬੀ-ਅੰਗਰੇਜ਼ੀ 'ਚ ਅਰਥ ਕਰਕੇ 'ਗੁਰਬਾਣੀ ਚਾਨਣ' ਪੁਸਤਕ ਦੀ ਰਚਨਾ ਕੀਤੀ ਹੈ।

ਪ੍ਰਿੰਸੀਪਲ ਸਾਵਣ ਸਿੰਘ ਦਾ ਇਹ ਯਤਨ ਬਹੁਤ ਹੀ ਸ਼ਲਾਘਾ ਯੋਗ ਹੈ। ਉਹਨਾਂ ਦੇ ਅਰਥ ਜਗਿਆਸੂ ਦੇ ਧੁਰ ਅੰਦਰ ਤੱਕ ਠੰਢ ਪਾਉਂਦੇ ਹਨ। ਉਹਨਾਂ ਨੇ ਐਵੇਂ ਵਾਧੂ ਦੀਆਂ ਕਥਾ-ਕਹਾਣੀਆਂ ਪਾਉਣ ਦੀ ਥਾਂ ਸ਼ਬਦਾਂ ਦੀ ਰੂਹ ਤੱਕ ਆਪ ਪਹੁੰਚਣ ਅਤੇ ਪਾਠਕਾਂ ਨੂੰ ਪਹੁੰਚਾਉਣ ਦਾ ਉੱਦਮ ਕੀਤਾ ਹੈ। ਪੁਸਤਕ ਛਪਣ ਤੋਂ ਪਹਿਲਾਂ ਦਾਸ ਨੂੰ ਇਸ ਨੂੰ ਵਾਚਣ ਪਰੂਫ ਰੀਡਿੰਗ ਕਰਨ ਦਾ ਮੌਕਾ ਮਿਲਿਆ ਸੀ। ਵਾਚਣ ਸਮੇਂ ਇਹ ਮਹਿਸੂਸ ਹੋਇਆ ਕਿ ਜਿਹੜੇ ਵਿਅਕਤੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਪਾਠ ਨਹੀਂ ਕੀਤਾ, ਉਸ ਨੂੰ ਇਹ ਪੁਸਤਕ ਪੜ੍ਹਨ ਨਾਲ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ, ਇਸ ਦੀ ਦੇਣ, ਇਸ ਦੀ ਅਮੋਲਕਤਾ, ਇਸ ਦੀ ਸਰਬਸਾਂਝੀਵਾਲਤਾ ਦਾ ਗਿਆਨ ਹੋ ਸਕਦਾ ਹੈ।

ਪ੍ਰਿੰਸੀਪਲ ਸਾਵਣ ਸਿੰਘ ਪਿਛਲੇ ਅਰਸੇ ਤੋਂ ਅਮਰੀਕਾ ਰਹਿ ਰਹੇ ਹਨ। ਜਾਪਦਾ ਹੈ ਉਹਨਾਂ ਨੇ ਅਮਰੀਕਾ 'ਚ ਰਹਿ ਰਹੀ ਸਿੱਖਾਂ ਦੀ ਨਵੀਂ ਪੀੜ੍ਹੀ ਦੀ ਲੋੜ ਨੂੰ ਮੁੱਖ ਰੱਖ ਕੇ ਜਾਂ ਉਹਨਾਂ ਨੂੰ ਆਪਣੇ ਵਿਰਸੇ ਤੋਂ ਜਾਣੂੰ ਕਰਵਾਉਣ ਲਈ ਖਾਸ ਤੌਰ 'ਤੇ ਨਾਲ ਅੰਗਰੇਜ਼ੀ ਵਰਸ਼ਨ ਵਿੱਚ ਇਹ ਪੁਸਤਕ ਤਿਆਰ ਕੀਤੀ ਹੈ। ਸਾਵਣ ਸਿੰਘ ਇਸ ਪੁਸਤਕ ਤੋਂ ਪਹਿਲਾਂ 'ਕਿਵ ਸਚਿਆਰਾ ਹੋਈਐ' (ਪੰਜਾਬੀ-ਅੰਗਰੇਜ਼ੀ) 'ਓ ਮਾਈ ਮਾਈਂਡ' (ਅੰਗਰੇਜ਼ੀ-ਪੰਜਾਬੀ) 'ਗੁਰੂ ਨਾਨਕ ਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ' ਆਦਿ ਅਮੋਲਕ ਪੁਸਤਕਾਂ ਦੀ ਰਚਨਾ ਕਰ ਚੁੱਕੇ ਹਨ।

ਲੇਖਕ ਦੀ ਸ਼ਰਧਾ ਅਤੇ ਗਿਆਨ ਦੇ ਪੁਸਤਕ 'ਚੋਂ ਦਰਸ਼ਨ ਹੁੰਦੇ ਹਨ।

ਭਾਵੇਂ ਕਿ ਗੁਰਬਾਣੀ ਚੋਂ ਹਜਾਰਾਂ ਵਿਸ਼ੇ ਲੈ ਕੇ ਉਹਨਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ ਪਰ ਸਾਵਣ ਸਿੰਘ ਹੋਰਾਂ ਨੇ ਜਿਹੜੇ 48 ਵਿਸ਼ੇ ਲਏ ਹਨ ਉਹਨਾਂ ਦਾ ਸਾਡੇ ਸਮਾਜ ਨਾਲ ਸਾਡੀ ਜ਼ਿੰਦਗੀ ਨਾਲ ਬਹੁਤ ਕਰੀਬੀ ਰਿਸ਼ਤਾ ਹੈ। ਮਨੁੱਖੀ ਜ਼ਿੰਦਗੀ ਦੇ ਜਿਹੜੇ ਪੱਖ ਨੂੰ ਉਚਿਆਉਣ ਦੀ ਲੋੜ ਹੈ ਗੁਰਬਾਣੀ ਡੰਕੇ ਦੀ ਚੋਟ 'ਤੇ ਉਹਨਾਂ ਦੀ ਮਹਿਮਾਂ ਦਾ ਐਲਾਨ ਕਰਦੀ ਹੈ ਪਰ ਜਿਹੜੇ ਗਿਰਾਵਟ ਵਾਲੇ ਪੱਖ ਹਨ ਉਹਨਾਂ ਦਾ ਭਾਂਡਾ ਗੁਰਬਾਣੀ ਚੁਰਾਹੇ ਵਿੱਚ ਭੰਨਦੀ ਹੈ। ਉਦਾਹਰਨ ਦੇ ਤੌਰ ਤੇ ਇਸ ਪੁਸਤਕ ਵਿੱਚ ਉਸਾਰੂ ਸੇਧ ਦੇਣ ਵਾਲੇ ਜਿਹੜੇ ਵਿਸ਼ੇ ਲਏ ਹਨ ਉਹ ਹਨ, ਗੁਰਬਾਣੀ ਦਾਨ-ਪੁੰਨ, ਚਾਲ-ਚੱਲਣ, ਦਇਆ, ਵਿੱਦਿਆ, ਸਾਧ ਸੰਗਤ, ਵਾਹਿਗੁਰੂ ਈਮਾਨਦਾਰੀ, ਨਿਮਰਤਾ, ਪਵਿੱਤਰਤਾ, ਧੀਰਜ ਤੇ ਸੰਤੋਖ, ਚੰਗਿਆਈਆਂ। ਇਹ ਵਿਸ਼ੇ ਉਪਮਾ ਵਾਲੇ ਹਨ ਪਰ ਜਿਹੜੇ ਪੱਖ ਰਸਾਤਲ ਵੱਲ ਲੈ ਜਾਂਦੇ ਹਨ, ਬੰਦੇ ਨੂੰ ਉਹਨਾਂ ਤੋਂ ਵਰਜਿਆ ਗਿਆ ਹੈ।

ਇਸ ਪੁਸਤਕ ਦੀ ਇੱਕ ਖ਼ਾਸੀਅਤ ਇਹ ਵੀ ਹੈ ਕਿ ਪੁਰਾਤਨ ਰੀਤ ਅਨੁਸਾਰ ਨਿਰੁਕਤ ਦੇਣ ਅਤੇ ਵਾਧੂ ਦੇ ਕਹਾਣੇ ਪਾਉਣ ਵਾਲੀ ਪਿਰਤ ਨੂੰ ਸਾਵਨ ਸਿੰਘ ਨੇ ਤਿਲਾਂਜਲੀ ਦਿੱਤੀ ਹੈ। ਸ਼ਬਦਾਂ ਦੇ ਅਰਥ ਪੰਜਾਬੀ-ਅੰਗਰੇਜ਼ੀ ਦੀ ਵਿਆਖਿਆ 'ਚ ਹੀ ਨੰਬਰਾਂ ਅਨੁਸਾਰ ਦਿੱਤੇ ਹਨ। ਇਹ ਤਕਨੀਕ ਪਾਠਕ ਨੂੰ ਰਚਨਾ ਨਾਲ ਜੋੜਨ ਵਿੱਚ ਸਹਾਈ ਹੁੰਦੀ ਹੈ।

ਇਸ ਪੁਸਤਕ 'ਚ ਵਿਚਾਰੇ ਗਏ ਅਰਥ ਹੈ ਕਿਤੇ ਵੀ ਗੁੰਝਲ, ਅਸਪਸ਼ਟਤਾ, ਅਗਿਆਨਤਾ ਨਹੀਂ ਹੈ। ਹਰ ਪੰਗਤੀ ਦੇ ਅਰਥ ਆਪਣੇ ਆਪ 'ਚ ਸੰਪੂਰਨ ਹਨ।

ਸਾਵਨ ਸਿੰਘ ਦੀ ਕਿਰਤ ਦੀ ਸਾਦਗੀ ਸਪਸ਼ਟਤਾ ਅਤੇ ਸੰਖੇਪਤਾ ਦਾ ਨਮੂਨਾ ਹਾਜ਼ਰ ਹੈ।

*ਖੰਡਿਤ[1] ਨਿਦ੍ਰਾ[2] ਅਲਪ[3] ਅਹਾਰੰ[4]*
*ਨਾਨਕ ਤਤੁ[5] ਬੀਚਾਰੋ॥*

ਮਹਲਾ 1, ਪੰਨਾ 939

ਗੁਰੂ ਨਾਨਕ ਜੀ ਕਹਿੰਦੇ ਹਨ, ਥੋੜਾ[3] ਖਾਣਾ[4] ਤੇ ਥੋੜਾ[1] ਸੌਣਾ[2], ਵਿਚਾਰਾਂ ਦਾ ਨਿਚੋੜ[5] ਹੈ।

"Sleeping[2] a little[1] and eating[4] a little[3] is the quintessence[5] of ideas" Says Nanak.

*ਮਾਟੀ ਕੇ ਕਰਿ[1] ਦੇਵੀ ਦੇਵਾ[2]*
*ਤਿਸੁ ਆਗੈ ਜੀਉ[3] ਦੇਹੀ[4]॥*

ਕਬੀਰ ਜੀ, ਪੰਨਾ 332

ਮਿੱਟੀ ਦੀਆਂ ਦੇਵੀਆਂ ਤੇ ਦੇਵਤੇ[2] ਬਣਾ[1] ਕੇ ਲੋਕ ਉਹਨਾਂ ਅੱਗੇ ਜੀਉਂਦੇ[3] ਜੀਵਾਂ (ਬੱਕਰੇ ਆਦਿਕ) ਦੀ ਕੁਰਬਾਨੀ[4] ਦਿੰਦੇ ਹਨ।

People shape[1] idols of goddesses and gods[2] of clay, and make offerings[4] to them of living[3] creatures.

ਇਸ ਤਰ੍ਹਾਂ ਦੀਆਂ ਹੋਰ ਵੀ ਅਨੇਕਾਂ ਉਦਾਹਰਣਾਂ ਹਨ ਜਿਹੜੀਆਂ ਲੇਖਕ ਦੀ ਸਮਰੱਥਾ ਸ਼ਰਧਾ ਅਤੇ ਗਿਆਨ ਦਾ ਪ੍ਰਗਟਾਵਾ ਕਰਦੀਆਂ ਹਨ।

ਇਹ ਇੱਕ ਸਾਂਭਣ ਯੋਗ ਪੁਸਤਕ ਹੈ, ਹਰ ਘਰ ਦਾ ਸ਼ਿੰਗਾਰ ਬਣਨੀ ਚਾਹੀਦੀ ਹੈ। ਗੁਰਬਾਣੀ ਦੇ ਪ੍ਰਚਾਰ ਅਤੇ ਇਸ ਦੀ ਮਹਾਨਤਾ ਤੋਂ ਜਾਣੂੰ ਕਰਾਉਣ ਲਈ ਇਹ ਪੁਸਤਕ ਹਰ ਮਾਈ-ਭਾਈ ਲਈ ਲਾਹੇਵੰਦ ਹੈ। ਇਸ ਦੀ ਇਹ ਵੀ ਖ਼ੂਬਸੂਰਤੀ ਹੈ ਕਿ ਇਹ ਪੜ੍ਹੇ-ਗੁੜ੍ਹੇ ਅਤੇ ਆਮ ਪਾਠਕ ਦੀ ਦੋਹਾਂ ਦੀ ਤ੍ਰਿਪਤੀ ਕਰਦੀ ਹੈ।

ਅਸੀਂ ਆਪ ਹੀ ਸੁਣਦੇ ਹਾਂ ਕਿ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਗਟ ਗੁਰਾਂ ਦੀ ਦੇਹ ਹਨ। ਇਹ ਸਾਨੂੰ ਸਮਝਾਉਂਦੇ, ਵਾਜਦੇ ਅਤੇ ਉਪਦੇਸ਼ਦੇ ਰਹਿੰਦੇ ਹਨ ਭਾਵ ਹਰ ਸਮੇਂ ਸਾਨੂੰ ਗੁਰਮਤਿ ਦਾ ਗਾਡੀ ਰਸਤਾ ਦਿਖਾ ਕੇ ਸੇਧ ਦਿੰਦੇ ਰਹਿੰਦੇ ਹਨ। ਇਹ ਕੀ ਸੇਧ ਦਿੰਦੇ ਹਨ? ਕੀ ਕਹਿੰਦੇ ਹਨ? ਇਹੋ ਇਸ ਪੁਸਤਕ ਦਾ ਵਿਸ਼ਾ ਹੈ। ਗੁਰਬਾਣੀ ਕੂਕ-ਕੂਕ ਕੇ ਕੋਠੇ ਚੜ੍ਹ ਕੇ ਢੰਡੋਰਾ ਪਿੱਟਦੀ ਹੈ ਕਿ ਲਾਲਾਂ ਦਾ ਵਣਜ ਇਧਰ ਹੋ ਰਿਹਾ ਹੈ। ਕਾਲਖ ਦੇ ਅੰਬਾਰ ਓਧਰ ਲੱਗੇ ਹਨ। ਇਹ ਰਸਤਾ ਮੰਜ਼ਿਲ ਵੱਲ ਜਾਂਦਾ ਹੈ। ਔਹ ਰਸਤਾ ਪਾਂਧੀਆਂ ਨੂੰ ਹੀ ਰਸਤੇ ਵਿੱਚ ਲੁਟਾ ਦਿੰਦਾ ਹੈ। ਗੁਰਬਾਣੀ ਸਾਡੇ ਸਾਹਮਣੇ ਸਚਾਈ ਪੇਸ਼ ਕਰਦੀ ਹੈ। ਜਿਸ ਤੋਂ ਅਸੀਂ ਅੱਖਾਂ ਮੀਚੀ ਬੈਠੇ ਹਾਂ ਅਸੀਂ ਕਿਧਰ ਤੁਰਨਾ ਹੈ? ਇਹ ਅਸੀਂ ਵਿਚਾਰਨਾ ਹੈ। ਗੁਰਬਾਣੀ ਨੇ ਹੋਕਾ ਦੇਣਾ ਹੈ। ਸਤਰਕ ਕਰਨਾ ਹੈ। ਅਸੀਂ ਆਪਣੀ ਰਾਸ ਬਚਾਉਣੀ ਹੈ ਕਿ ਨਹੀਂ ਇਹ ਸਾਡਾ ਕੰਮ ਹੈ।

ਸੋ ਪ੍ਰਿੰਸੀਪਲ ਸਾਵਣ ਸਿੰਘ ਹੋਰਾਂ ਨੇ ਆਪਣਾ ਫ਼ਰਜ ਬਾ-ਖ਼ੂਬੀ ਅਦਾ ਕੀਤਾ ਹੈ ਸਾਡੇ ਸ਼ਬਦ-ਗੁਰੂ ਕੀ ਕਹਿੰਦੇ ਹਨ। ਸਾਨੂੰ ਦੱਸਣ ਦਾ ਯਤਨ ਕੀਤਾ ਹੈ। ਵਾਹਿਗੁਰੂ ਉਹਨਾਂ ਨੂੰ ਚੜ੍ਹਦੀ ਕਲਾ ਬਖਸ਼ੇ ਤੇ ਉਹ ਗੁਰਬਾਣੀ ਦੀਆਂ ਗੌਹਜ ਗੱਲਾਂ ਸਾਨੂੰ ਸਮਝਾਉਂਦੇ ਰਹਿਣ ਇਹੋ ਸਾਡੀ ਬੇਨਤੀ ਹੈ। ☬


ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ**
422, ਸੈਕਟਰ 15-A, ਚੰਡੀਗੜ੍ਹ
ਫੋਨ-772660

**ਅੰਮ੍ਰਿਤ ਵਰਖਾ**
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

*With compliments from*

**ASSOCIATES GROUP**
SECURITY & SERVICES PVT LTD

GROUP H.Q. : No. 1513, Sector 36-D, Chandigarh. Ph. : 0172-602508
OPERATIONS H.Q. : S.C.O. 1131, Sector 22-B, Chandigarh. Ph. : 0172-709105

*For your Security & Manpower*

# Sikhism and Other World Religious Musical Traditions

Chris Mooney Singh
e-mail : munisingh@yahoo.com - SINGAPORE

Comparing different religious traditions, it is clear that music plays a subservient role in them. Orthodox Islam it is completely banned music as vehicle of the God-inspired Word, although Indian Sufism developed the *qawwali* form of group singing, a tradition running parallel to Sikh *Shabad kirtan*. In Christianity, music serves to uplift and exhilarate, though it is not the main medium of conveying religious teachings. Music has been used more in the past history of the church and reached its zenith during the time of great composers like J.S. Bach and Pacabel where it was used as a structure for the liturgy of the Catholic Mass. The ancient tradition of Gregorian Chanting dating back to the reign of Pope Gregory became the subject of studies in the 20th Century charting the profound effects of music on human physiology. In Judaism, the psalms originally sung to the accompaniment of harp and lyre, form only one chapter of the Torah, whereas nearly the whole Sikh scripture is classified according to ragas and rhythmic measures. In recent years an instrument-maker in Israel, from the original Levite family, has through study, research and inspiration begun to revive the use of the original instruments of the Jewish Faith, the sound principles of which bear a striking similarity to the principles of string instrument kirtan.

In ancient Indian *Vedic* religion, music was considered to be the '*Fifth Veda*' but had long ago fallen from its high place as a royal road to realisation. Except for the recent *bhakti* form of worship from the medieval period, later forms of Indian religion traditionally seemed to fear the power of music and excluded it from mainstream Hinduism. Thus music developed more as a privileged art for the royal courts. The reputation of music has had its ups and downs, even as late as the end of the 19th Century. Great musicians and musicologists such as Paluskar and Bhatkhande, made it their life mission to share the greatness of music with general Indian pubic. Their dedicated work helped to elevate the image of the musician as a spiritual artist, who formally had been considered a member of the lower levels of society. But as Menon points out that music was generally excluded from orthodox religious practice.

*By omiting to make a mention of music as a direct mode of attaining the Godhead, it is rarely used in formal religious worship.*

Music, classified and sanitised by *raga* and *tala vidya* has never been considered the primary vehicle for spiritual liberation and religious worship since the known beginning of Indian history. It is easy to understand such distrust of the art-form if we realise that music has been primarily used in two ways throughout history; to reveal the Divine and to entertain society. The 'protectors' of society were ever wary of allowing its members to abandon themselves completely in musical reverie. They know that music has within it a source of power that brings those inspired ones outside the normal boundaries of theocratic control; in fact, music directly links the soul to the Divine, eliminating the

need for intermediary priest-craft. Thus, musical knowledge has always been kept out of the mainstream; at times in India's history; it has been discouraged, or even banned.

Guru Nanak, however, put music at the service of God and placed it in the hands of the common man and woman. Now they themselves could discover the Divine *Nad*, the Inner Primordial Sound. Outer music led them to the inner music, the *Anhad Nad*. Hearing this, according to Sikhism brings spiritual elevation and peace. Thus simple people now could make their own homes temples of worship resounding with the praises of the One accompanied by the rabaab, cymbals, and mridang as Bhai Gurdas has written in his vars:

*ghar ghar baba gavaiay wajan taal mridang rabaaba*

*In every house of Baba there is singing and cymbals, mridang, rabaab are playing*

These days, kirtan is not in the hands of a chosen few. It is truly part of the daily life of the majority, who, if they cannot perform it themselves, will at least listen intently knowing:

*Gavtay udhreh, suntay udhreh, binsae paap ganairay*

*those who sing and those who listen are saved.*

*All their sins are washed away.*

Sikhism as the religion of music is best symbolised by the ongoing form of religious practice at Harimandir Sahib, the Golden Temple in Amritsar. Since it was built in by the Fifth Nanak, Guru Arjan Dev in the latter part of the 16th Century, the continuing daily practice within its walls has been almost continuous musical rendition of compositions from the Sikh Holy Scripture. There are no lectures, no discourses here. Only musicians take turns in relay from about 2 am to 11 pm daily to musically depict the Guru's teachings to the thousands who come here and the millions who tune in morning and evening on All India Radio. The Golden Temple is a rare wonder of the world today - perhaps the only Temple of Song charged with a unique aura of sacred music that keeps attracting millions of visitors to it from generation to generation. It the Living emblem of the religion of music. ☬


ਲੇਖਕਾਂ ਲਈ ਬੇਨਤੀ

ਪਾਠਕਾਂ ਦੀ ਜਾਣਕਾਰੀ ਲਈ ਲੇਖਕ ਆਪਣਾ ਜੀਵਨ-ਵੇਰਵਾ, ਜਨਮ ਮਿਤੀ, ਪਿਤਾ/ਮਾਤਾ ਦਾ ਨਾਮ, ਜਨਮ ਸਥਾਨ, ਸਿਖਿਆ, ਕੰਮ/ਕਿੱਤਾ, ਪ੍ਰਕਾਸ਼ਿਤ ਪੁਸਤਕਾਂ ਦਾ ਵੇਰਵਾ, ਹੋਰ ਪ੍ਰਾਪਤੀਆਂ, ਸ਼ੌਂਕ ਆਦਿ ਭੇਜਣ ਦੀ ਖੇਚਲ ਕਰਨ।

*ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ*

**ਗੁਰਸਿੱਖ ਸੰਜੋਗ** (ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ

ਪੂਸਾ ਰੋਡ, ਨਵੀਂ ਦਿੱਲੀ 110 060 ਫੋਨ: 5853955

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ ਇੱਕੋ-ਇੱਕ ਆਵਾਜ਼

**ਸਿੱਖ ਲੀਗ** (ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8

ਫੋਨ : 5707096

**THE SIKH REVIEW**

**(A Monthly Magazine)**

**116, Karnani Mansion**

**25-A, Park Street, Calcutta**

# Kirtan in Gurdwara

Sujan Singh

67, Kailash Apartment, New Delhi - 110 048.

There is some controversy that Sikh should perform *Kirtan* at Gurdwara Congregation.

There are a large number of *Sahaj Dhari* (Sikhs) spread all over India. They do not keep Five *Kakaars* but they have full faith in Guru Granth Sahib and follow its teaching. Wherever they live they perform *Kirtan* in Gurdwara. Many times they are invited by *Singh Sabha* Gurdwara to perform *Kirtan* and they do so.

All Sindhis are adherent of Sikh faith and *Sahaj Dhari* (Sikh). They have full faith in Guru Granth Sahib and its teachings. Similarly wherever they live they perform *Kirtan* in Gurdwara.

They have produced some prominent Preachers of Sikh faith and one of them was Dada Chela Ram who after partition lived at Delhi. He was doing *Amritvela Kirtan* daily at a Gurdwara on Pusa Road. After his death his son and daughter are doing *Kirtan* there.

Recently it was in the Newspaper that a *Sahaj Dhari Kirtan Jatha* of Dehradun went round whole India and performed *Kirtan* in all important Gurdwaras and no one objected.

According to our history, the foundation stone of Golden Temple was laid by a Muslim saint Mian Mr. Mardana who was with Guru Nanak for a long time was a Musilm and he did *Kirtan* for Guruji. Music instrument he used was a ***Rabab***.

Long ago there was a Muslim *Rababi Jatha* (Related to Mardana family) who some time performed *Kirtan* at Golden Temple. After partition riots all Jatha members went to Pakistan as a matter of safety but never came back.

We all know that Guru Granth Sahib contains *Bani* of three muslim saints including one of well know Sheikh Farid.

It is evident that *Sahaj Dharis* have been performing *Kirtan* in Gurdwaras from the very beginning and way should there be any objection if they do it now. My feeling is that if any one wants to perform *Kirtan* of *Guru Bani* in a Gurdwara with full devotion, no matter who he is, he should be allowed to do so.

ਸਾਡਾ ਵਿਰਸਾ ਸਾਡਾ ਗੌਰਵ
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ
ਲੁਧਿਆਣਾ - 141 002

With compliments from
**Kulvinder Singh**
Phone : (O) 3312440
Resi. : 5721753

**SAWHNEY CLOTH HOUSE**
46, Shanker Market, Connaught Circus, New Delhi - 110 001

# SHORT CUT TO HAPPINESS

Satnam Kaur
B-304, Salvador, Shastri Nagar, 4 Bunglows, Andheri (W) Mumbai - 53

The present age is that of "fast food". All of us, especially the children, want every thing "fast" and so we want "2-Minute Noodles".

Can we find the fast and easy way to get happiness?

Can we teach this to our children also for their benefit?

So, what is this magic formula?

Gurbani tells us:

*"ਉਸਤਤਿ ਮਨ ਮਹਿ ਕਰਿ ਨਿਰੰਕਾਰ"*

(ਸੁਖਮਨੀ ਸਾਹਿਬ)

This short line from Sukhmani Sahib contains three things :

1. We have to praise (ਉਸਤਤ ਕਰਨੀ ਹੈ)
2. We have to praise GOD (ਉਸਤਤ ਵਾਹਿਗੁਰੂ ਜੀ ਦੀ ਕਰਨੀ ਹੈ)
3. We should praise from our heart and with sincerity. (ਵਾਹਿਗੁਰੂ ਜੀ ਦੀ ਉਸਤਤ ਮਨ ਨਾਲ ਕਰਨੀ ਹੈ।)

Whenever we see anything that is good or we meet any person who is good, we should sincerely praise God. Because God has made that thing good.

Because, God is the source of all good qualities.

*"ਸਗਲ ਗੁਣਾ ਕੇ ਦਾਤੇ ਸਵਾਮੀ"* (1117)

Everyday we see so many good things, like the beautiful flowers, the beautiful sunrise, the beautiful moon and stars. God has created these wonderful things.

Similarly we use so many things which are wonderfully made :

A small cellular phone is a wonderful invention which helps us to speak from any place.

A computer is a wonderful machine to store so much information.

All these inventions could be made with the grace of God.

We have to train our mind to see these beautiful and wonderful things.

We have to remind our mind that God must be even more wonderful. With this sincere feeling we should say "Waheguru, Waheguru" praising God purifies our mind.

*"ਗੁਨ ਗਾਵਤ ਤੇਰੀ ਉਤਰਸਿ ਮੈਲੁ"*

(ਸੁਖਮਨੀ ਸਾਹਿਬ)

So let us try to praise God as many times as possible everyday, everywhere and everytime. Praising God is free of cost. But its benefits are enormous.

It can give us everlasting happiness!

ਮਾਤਾ ਗੁਜਰੀ ਸੁਖ ਨਿਵਾਸ
(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)
ਗਿੱਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ।
ਫੋਨ : 91845741, 91845730
ਏਥੇ ਬਜ਼ੁਰਗਾਂ ਤੇ ਅਨਾਥ ਜਾਂ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ
ਪ੍ਰਬੰਧ ਬੜੇ ਸੁਚੱਜੇ ਤਰੀਕੇ ਨਾਲ ਕੀਤਾ ਗਿਆ ਹੈ।
ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰਨ।
ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| | | |
|---|---|---|
| **ਮਲਾਰ ਮਹਲਾ ੫॥** | **Malar 5th Guru.** | **ਮਲਾਰ ਪੰਜਵੀਂ ਪਾਤਿਸ਼ਾਹੀ।** |
| ਬਰਸੁ ਸਰਸੁ ਆਗਿਆ॥ ਹੋਹਿ ਆਨੰਦ ਸਗਲ ਭਾਗ॥੧॥ | Happily burst forth, O cloud, in the Lord's will, that I may be blessed with all bliss and good fortune. | ਪ੍ਰਭੂ ਦੀ ਰਜ਼ਾ ਅੰਦਰ ਤੂੰ ਖ਼ੁਸ਼ੀ ਨਾਲ ਵਰ੍ਹ, ਹੇ ਬੱਦਲਾ! ਤਾਂ ਜੋ ਮੈਨੂੰ ਸਮੂਹ ਪ੍ਰਸੰਨਤਾ ਅਤੇ ਚੰਗੀ ਪ੍ਰਾਲਭਧ ਦੀ ਦਾਤ ਮਿਲ ਜਾਵੇ। |
| ਰਹਾਉ॥ | Pause. | ਠਹਿਰਾਉ। |
| ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ॥੧॥ | As the earth is reverdured, receiving the rain, so flowers the mind in the saints society. | ਜਿਸ ਤਰ੍ਹਾਂ ਮੀਂਹ ਦੇ ਮਿਲਣ ਦੁਆਰਾ ਧਰਤੀ ਹਰੀ ਭਰੀ ਹੋ ਜਾਂਦੀ ਹੈ ਏਸੇ ਤਰ੍ਹਾਂ ਹੀ ਸਤਿਸੰਗਤ ਅੰਦਰ ਮਨੂਆ ਪ੍ਰਫੁਲਤ ਥੀ ਵੰਞਦਾ ਹੈ। |
| ਘਨਘੋਰ ਪ੍ਰੀਤਿ ਮੋਰ॥ | The peacock loves the cloud's rumbling. | ਮੋਰ ਬੱਦਲਾਂ ਦੀ ਗਰਜ ਨੂੰ ਪਿਆਰ ਕਰਦਾ ਹੈ। |
| ਚਿਤੁ ਚਾਤ੍ਰਿਕ ਬੂੰਦ ਓਰ॥ | The pied cuckoo's mind goes towards the rain-drop. | ਪਪੀਹੇ ਦਾ ਮਨ ਮੀਂਹ ਦੀ ਕਣੀ ਵਲ ਨੂੰ ਜਾਂਦਾ ਹੈ। |
| ਐਸੋ ਹਰਿ ਸੰਗੇ ਮਨਮੋਹ॥ | Such love my soul has with the Lord. | ਐਹੋ ਜਿਹਾ ਪਿਆਰ ਮੇਰੀ ਜਿੰਦੜੀ ਦਾ ਪ੍ਰਭੂ ਨਾਲ ਹੈ। |
| ਤਿਆਗ ਮਾਇਆ ਧੋਹ॥ | The deceitful mammon, I have renounced. | ਠਗਣੀ ਮੋਹਣੀ ਨੂੰ, ਮੈਂ ਛਡ ਛਡਿਆ ਹੈ। |
| ਮਿਲਿ ਸੰਤ ਨਾਨਕ ਜਾਗਿਆ॥੨॥੫॥੨੭॥ | Meeting with the saints, Nanak's mind has awakened. | ਸਾਧੂਆਂ ਨਾਲ ਮਿਲ ਕੇ, ਨਾਨਕ ਦਾ ਮਨ ਜਾਗ ਉਠਿਆ ਹੈ। |
| ● | ● | ● |
| **ਮਲਾਰ ਮਹਲਾ ੪॥** | **Malar 4th Guru.** | **ਮਲਾਰ ਚੌਥੀ ਪਾਤਿਸ਼ਾਹੀ।** |
| ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ॥ | Utter, utter thou the Lord's Name alone. Only the very fortunate ones seek Him, the Lord. | ਤੂੰ ਕੇਵਲ ਪ੍ਰਭੂ ਦੇ ਨਾਮ ਦਾ ਹੀ ਉਚਾਰਨ, ਉਚਾਰਨ ਕਰ। ਕੇਵਲ ਚੰਗੀ ਪ੍ਰਾਲਭਧ ਵਾਲੇ ਹੀ ਉਸ ਸੁਆਮੀ ਨੂੰ ਖੋਜਦੇ ਹਨ। |
| ਹਰਿ ਕਾ ਪੰਥੁ ਕੋਊ ਬਤਾਵੈ ਹਉ ਤਾਕੈ ਪਾਇ ਲਾਗੀ॥੧॥ | Whosoever points out to me the path of God; I repair to his feet. | ਜੋ ਕੋਈ ਭੀ ਮੈਨੂੰ ਵਾਹਿਗੁਰੂ ਦਾ ਮਾਰਗ ਦਸਦਾ ਹੈ; ਮੈਂ ਉਸ ਦੇ ਪੈਰੀ ਪੈਂਦਾ ਹਾਂ। |
| ਰਹਾਉ॥ | Pause. | ਠਹਿਰਾਉ। |
| ਹਰਿ ਹਮਾਰੋ ਮੀਤੁ ਸਖਾਈ ਹਮ ਹਰਿ ਸਿਉ ਪ੍ਰੀਤਿ ਲਾਗੀ॥ | God is my friend and succourer and to God bear I love. | ਵਾਹਿਗੁਰੂ ਮੇਰਾ ਮਿੱਤਰ ਅਤੇ ਮਦਦਗਾਰ ਹੈ ਅਤੇ ਵਾਹਿਗੁਰੂ ਨਾਲ ਹੀ ਮੇਰਾ ਪ੍ਰੇਮ ਪਿਆ ਹੋਇਆ ਹੈ। |
| ਹਰਿ ਹਮ ਗਾਵਹਿ ਹਰਿ ਹਮ ਬੋਲਹਿ ਅਉਰੁ ਦੁਤੀਆ ਪ੍ਰੀਤਿ ਹਮ ਤਿਆਗੀ॥੧॥ | I sing God's praise, the God's Name utter I and all other loves I have abandoned. | ਮੈਂ ਹਰੀ ਦਾ ਜੱਸ ਗਾਉਂਦਾ ਹਾਂ, ਹਰੀ ਦਾ ਨਾਮ ਹੀ ਮੈਂ ਉਚਾਰਦਾ ਹਾਂ ਅਤੇ ਹੋਰ ਸਾਰੇ ਪਿਆਰ ਮੈਂ ਛਡ ਦਿੱਤੇ ਹਨ। |
| ਮਨਮੋਹਨ ਮੋਰੋ ਪ੍ਰੀਤਮ ਰਾਮੁ ਹਰਿ ਪਰਮਾਨੰਦੁ ਬੈਰਾਗੀ॥ | Bewitching is my Beloved. The Detached Lord God is the Embodiment of supreme bliss. | ਫਰੇਫ਼ਤਾ ਕਰ ਲੈਣ ਵਾਲਾ ਹੈ ਮੇਰਾ ਪਿਆਰਾ। ਨਿਰਲੇਪ ਸੁਆਮੀ ਵਾਹਿਗੁਰੂ, ਮਹਾਨ ਪ੍ਰਸੰਨਤਾ ਦਾ ਸਰੂਪ ਹੈ। |
| ਹਰਿ ਦੇਖੇ ਜੀਵਤ ਹੈ ਨਾਨਕੁ ਇਕ ਨਿਮਖ ਪਲੋ ਮੁਖਿ ਲਾਗੀ ॥੨॥੨॥੯॥੯॥੧੩॥੯॥੩੧॥ | Nanak lives, seeing Thee, O God, my Master. Bless Thou me with Thine vision, even for an instant and a moment. | ਨਾਨਕ ਤੈਨੂੰ ਵੇਖ ਕੇ ਜੀਊਂਦਾ ਹੈ, ਹੇ ਵਾਹਿਗੁਰੂ ਮੇਰੇ ਮਾਲਕ! ਤੂੰ ਇੱਕ ਮੁਹਤ ਅਤੇ ਇਕ ਛਿਨ ਭਰ ਲਈ ਹੀ, ਮੈਨੂੰ ਆਪਣਾ ਦਰਸ ਵਿਖਾਲ। |

# ਸੁਰ ਲਿਪੀਆਂ

## (ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ)

**ਰਾਗ ਮਲ੍ਹਾਰ**

ਰਾਗ ਮਲ੍ਹਾਰ ਬਾਰੇ ਗੁਰੂ ਅਮਰਦਾਸ ਜੀ ਦਾ ਬਚਨ ਹੈ- *ਮਲ੍ਹਾਰ ਸੀਤਲ ਰਾਗ ਹੈ, ਹਰਿ ਧਿਆਈਐ ਸਾਂਤਿ ਹੋਇ।।* ਫਿਰ ਵੀ ਹੁਕਮ ਹੈ: *"ਗੁਰਮੁਖਿ ਮਲਾਰ ਰਾਗ ਜੋ ਕਰਹਿ ਤਨ ਮਨ ਸੀਤਲ ਹੋਇ।। ਗੁਰਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ।।"* ਮਲ੍ਹਾਰ ਦਾ ਪ੍ਰਭਾਵ ਹੈ ਸਾਰੇ ਪਾਸੇ ਉਤਸ਼ਾਹ ਦਾ ਵਾਤਾਵਰਣ ਹੋ ਜਾਣਾ। ਮਲ੍ਹਾਰ ਰਾਗ ਵਿੱਚ ਬਾਣੀ ਦਾ ਮੀਂਹ ਪੈਂਦਾ ਦਿਸੇਗਾ ਅਤੇ ਜਿਸ ਨੇ ਵੀ ਅੰਮ੍ਰਿਤ ਬੂੰਦ ਪੀ ਲਈ ਉਹ ਨਿਹਾਲ ਹੋ ਗਿਆ। *"ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ।। ਜਿਨਿ ਪੀਤੀ ਤਿਸੁ ਮੋਖ ਦੁਆਰ।।"* ਅੰਮ੍ਰਿਤ ਬਚਨ ਹੈ। ਇਸ ਬਾਣੀ ਵਿੱਚ ਬਹੁਤੇ ਸ਼ਬਦ ਮੀਂਹ ਅਤੇ ਬਬੀਹੇ ਦੇ ਸਬੰਧਾਂ ਨੂੰ ਦਰਸਾਉਂਦੇ ਹਨ। ਇਹ ਭਾਰਤੀ ਸੰਗੀਤ ਦਾ ਬੜਾ ਪ੍ਰਸਿੱਧ ਰਾਗ ਹੈ ਨਾ ਕੇਵਲ ਸੰਗਤਕਾਰਾਂ ਵਿੱਚ ਸਗੋਂ ਜਨ-ਸਾਧਾਰਣ ਲੋਕਾਂ ਵਿੱਚ ਬਹੁਤ ਪ੍ਰਿਅ ਹੈ। ਮਲ੍ਹਾਰ ਇੱਕ ਮੌਸਮੀ ਰਾਗ ਹੈ। ਭਾਰਤ ਦੀ ਭੂਗੋਲਿਕ ਸਥਿਤੀ ਅਨੁਸਾਰ ਇਸ ਰਾਗ ਦਾ ਗਾਇਨ ਸਾਵਣ-ਭਾਂਦਰੋਂ ਦੇ ਮਹੀਨੇ ਵਿੱਚ ਵਧੇਰੇ ਕੀਤਾ ਜਾਂਦਾ ਹੈ। ਵਰਖਾ ਰੁੱਤ ਵਿੱਚ ਇਹ ਹਰ ਸਮੇਂ ਗਾਇਆ ਜਾ ਸਕਦਾ ਹੈ। ਉਂਜ ਇਹ ਰਾਤ ਦੇ ਤੀਜੇ ਪਹਿਰ ਗਾਇਆ ਜਾਂਦਾ ਹੈ।

**ਸੁਰ :** ਦੋਨੋਂ ਨਿਸ਼ਾਦ, ਬਾਕੀ ਸ਼ੁੱਧ। **ਥਾਟ :** ਖਮਾਜ, **ਵਾਦੀ :** ਮਧਿਅਮ, **ਸੰਵਾਦੀ :** ਸ਼ੜਜ।

**ਜਾਤੀ :** ਸੰਪੂਰਨ-ਸੰਪੂਰਨ। **ਸਮਾਂ :** ਰਾਤ ਦਾ ਤੀਜਾ ਪਹਿਰ (ਬਰਸਾਤ ਦੀ ਰੁੱਤ ਵਿੱਚ ਹਰ ਸਮੇਂ)

**ਅਰੋਹ :** ਸ, ਰੇ ਗ ਮ, ਮ ਰੇ ਪ, ਨੁ਼ੀ ਧ ਨੀ ਸਂ, **ਅਵਰੋਹ :** ਸਂ, ਧ ਨੁ਼ੀ ਪ ਮ, ਗ ਮ ਰੇ, ਸ।

**ਮੁਖ ਅੰਗ :** ਸ ਰੇ ਗ ਮ, ਮ ਰੇ ਪ, ਧ ਨੁ਼ੀ ਪ ਮ, ਰੇ ਸ।

**ਸੁਰ ਵਿਸਥਾਰ :** ੧ ਸ, ਰੇ ਨ਼ੀ ਸ, ਧ਼ ਨੁ਼ੀ ਪ਼, ਮ਼ ਨੁ਼ੀ ਧ਼ ਨ਼ੀ ਸ, ਰੇ ਗ ਮ, ਮ ਰੇ ਪ, ਮ ਪ ਧ ਨੁ਼ੀ ਪ ਮ, ਮ ਪ ਮ, ਗ ਮ ਰੇ, ਨ਼ੀ ਸ।

੨ ਰੇ ਗ ਮ, ਮ ਪ ਮ, ਮ ਰੇ ਪ, ਨੁ਼ੀ ਧ ਨੀ ਸਂ, ਸਂ ਰੇਂ ਨੀਂ ਸਂ, ਰੇਂ ਗਂ ਮਂ, ਰੇਂ ਸਂ, ਸਂ ਰੇਂ ਨੀ ਸਂ, ਧ ਨੁ਼ੀ ਪ ਮ, ਰੇ ਪ ਨੁ਼ੀ ਧ ਨੁ਼ੀ ਪ ਮ, ਮ ਗ ਮ, ਗ ਮ ਰੇ ਸ ਨ਼ੀ ਸ।

**ਇੱਕ ਤਾਲ ਦਰੁਤ ਲੈਅ**

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| *ਸਥਾਈ :* | | | | | | | | | | | |
| ਰੇ | ਰੇ | ਰੇ | ਗ | ਮ | ਪ | ਮ | ਗ | ਮ | ਰੇ | – | ਸ |
| ਬ | ਰ | ਸੁ | ਸ | ਰ | ਸੁ | ਆ | s | ਗਿ | ਆ | s | s |
| ਰੇ | ਰੇ | ਰੇ | ਪ | – | ਪ | ਨੁ਼ੀ | ਧ | ਨੁ਼ੀ | ਪਪ | ਮਗ | ਰੇਸ |
| ਹੋ | ਹਿ | ਆ | ਨੰ | s | ਦ | ਸ | ਗ | ਲ | ਭਾs | ss | ਗਤs |
| *ਅੰਤਰਾ :* | | | | | | | | | | | |
| ਮ | ਰੇ | ਪ | ਪ | ਨੁ਼ੀ | ਧ | ਨੀ | ਸਂ | ਨੀ | ਸਂ | – | – |
| ਸੰ | ਤ | ਸੰ | ਗੇ | ਮ | ਨੁ | ਪ | ਰ | ਫ | ੜੈ | s | s |
| ਪ | ਪ | ਰੇਂ | – | ਰੇਂ | ਨੀ | ਸਂ | ਸਂ | ਨੁ਼ੀਧ | ਨੁ਼ੀਧ | ਨੁ਼ੀ | ਪ |
| ਮਿ | ਲਿ | ਮੇ | s | ਘ | ਧ | ਰ | ਸੁ | ਹਾs | ss | s | ਗ |
| *ਬਾਕੀ ਅੰਤਰੇ ਉਪਰੋਕਤ ਅਨੁਸਾਰ* | | | | | | | | | | | |
| *ਅਖੀਰ ਵਿੱਚ* | | | | | | | | | | | |
| ਮ | ਪ | ਸਂ | – | ਸਂ | ਨੁ਼ੀਧ | ਨੁ਼ੀ | ਨੁ਼ੀ | ਪਮ | ਪਪ | ਮਗ | ਰੇਸ |
| ਮਿ | ਲਿ | ਸੰ | s | ਤ | ਨਾs | ਨ | ਕ | ਜਾs | ਗਿs | ਆs | ss |

| X | | 0 | | | 2 | | 3 | | |
|---|---|---|---|---|---|---|---|---|---|
| *ਸਥਾਈ :* | | | | | | | | | |
| ਮ | ਰੇ | ਮ | – | ਮ | ਮ | ਰੇ | ਪ | – | ਪ |
| ਗਾ | ਮ | ਰਾ | s | ਮ | ਬੋ | ਲਿ | ਬੋ | s | ਲਿ |
| ਧ | ਧ | ਧ | ਨ਼ੀਧ | (ਪ) | ਮ | ਗ | ਮ | ਰੇ | ਸ |
| ਖੋ | ਜ | ਤੇ | ss | ਬਡ | ਭਾ | s | ਗੀ | s | s |
| ਮਮ | ਰੇ | ਪ | – | ਪ | ਨ਼ੀਧ | –ਨੀ | ਸਂ | – | ਸਂ |
| ਹਰਿ | ਕਾ | ਪੰ | s | ਥੁ | ਕੋs | ਊਬ | ਤਾ | s | ਵੈ |
| ਸਂਸਂ | – | ਧ | ਨ਼ੀ | ਪ | ਮ | ਗ | ਮ | ਤੇ | ਸ |
| ਹਉ | s | ਤਾ | s | ਕੈ | ਪਾ | ਇ | ਲਾ | s | ਗੀ |
| *ਅੰਤਰਾ :* | | | | | | | | | |
| ਮ | ਮਰੇ | ਪ | – | ਪ | ਨ਼ੀਧ | ਨੀਨੀ | ਸਂ | – | ਸਂ |
| ਹ | ਰਿਹ | ਮਾ | s | ਰੋ | ਮੀs | ਤੁਸ | ਖਾ | s | ਈ |
| ਰੇਂ | ਗਂ | ਮਂ | ਰੇਂ | ਰੇਂਸਂ | ਧ | ਨ਼ੀਪ | ਮਗ | ਮ | ਰੇਸ |
| ਹ | ਮ | ਹ | ਰਿ | ਸਿਉ | ਪ੍ਰੀ | sਤਿ | ਲਾs | s | ਗੀs |


## ਗੁਰਮੁਖ ਢੂਢ ਢੂਢੇਦਿਆਂ ( Free Matrimonial Service )

**SUITABLE** match for a Saini Sikh girl (D.O.B - 7/8/73, 5'-4.5"), exceptionally beautiful, very fair complesioned, sweet natured and artistic taste. B.A. Music Vocal PU Topper, LLB & LLM. Father Businessman, Mother serving in I & B Deptt. **Contact** : S. Kuldeep Singh, # 1794, Sector: 7-C, Chandigarh.

**SUITABLE** Gursikh match for a beautiful, smart & intellgent Sikh girl (D.O.B - 19/7/76, 5'-3.5"). B. Pharma (Medico), working in M/s Fulford (India) Ltd., Father working in Canara Bank & Mother working in Guru Harkishan Public School. **Contact** : S. Surjeet Singh Bakshi, S-4/31, Old Mahavir Nagar, P.O. Tilak Nagar, New Delhi - 110018.

**SUITABLE** match for a homely good looking Sikh girl (30, 5'-4"), +2, from business family. Decent early marriage. **Contact** : S. Sukhbir Singh, # 1189, Phase : 3B-2, Mohali.

ਇੱਕ ਜੱਟ ਸਿੱਖ ਗ੍ਰੰਥੀ ਜੋ ਸ਼ਬਦ ਕੀਰਤਨ ਵੀ ਕਰਦਾ ਹੈ ਜਿਸਦੀ ਪਹਿਲੀ ਪਤਨੀ ਸੁਰਗਵਾਸ ਹੋ ਚੁੱਕੀ ਹੈ, ਵਾਸਤੇ ਗੁਰਸਿੱਖ ਲੜਕੀ ਜਾਂ ਵਿਧਵਾ ਪਤਨੀ ਦੀ ਲੋੜ ਹੈ। ਉਮਰ 25–30 ਸਾਲ ਅਤੇ ਕੱਦ 5.5 ਫੁੱਟ ਹੋਵੇ। ਘਰੇਲੂ ਕੰਮ ਕਾਜ ਵਿੱਚ ਨਿਪੁੰਨ ਹੋਵੇ ਅਤੇ 7–8 ਪੜੀ ਹੋਵੇ। ਗ੍ਰੰਥੀ ਪਾਸ ਮਕਾਨ ਤੇ 3–4 ਕਿਲੇ ਜਮੀਨ ਵੀ ਹੈ। **ਪਤਾ :** ਐਮ. ਐਸ. ਮਸਤਾਨਾ c/o ਸੰਗਮ ਟੀ. ਵੀ. ਕਾਲਜ, ਸਾਹਮਣੇ ਜਸਵੰਤ ਸਿਨੇਮਾ, ਮਲੋਟ।

ਨੋਟ: ਅੱਗੇ ਤੋਂ ਅਸੀਂ ਮੈਟ੍ਰੀਮੋਨੀਅਲ ਵਿੱਚ ਬਾਕਸ ਨੰਬਰ ਨਹੀਂ ਦਿਆਂਗੇ ਸਗੋਂ ਲੋੜਵੰਦਾਂ ਦਾ ਐਡਰੇਸ ਹੀ ਛਾਪ ਦਿਆਂਗੇ ਸੋ ਇਸ ਬਾਰੇ ਮੈਟ੍ਰੀਮੋਨੀਅਲ ਦੇਣ ਵਾਲਿਆਂ ਨਾਲ ਸਿੱਧਾ ਸੰਪਰਕ ਕੀਤਾ ਜਾਵੇ।

ਅਸੀਂ 'ਵਿਚੋਲੇ' ਵਾਲਾ ਕੰਮ ਨਹੀਂ ਕਰ ਸਕਦੇ। ਖ਼ਿਮਾਂ !

Postal Regd. No. PB/0135/2000 RNI Regd. No. 46788/89 ISSN 0972-2335






**The Retail Banking Boutique gifts you the convenience of instant loan facilities at**

565, Railway Road, Gurgaon Ph.: 0124-334590
SCO 23-24-25, Sector 34-A, Chandigarh Ph.: 0172-669477
Cheema Chowk I.F.B., Ludhiana Ph.: 0161-653157, 653158
Katra Ahluwalia, Amritsar Ph.: 0183-532820
Civil Lines, Jalandhar Ph.: 0181-224453

**Car Loans ● Housing Loans**

**Personal Loans ● Consumer Loans**

***In the service of nation since 1865***

**ALLAHABAD BANK**

***A Tradition of Trust***

# "ALP - THE MARK OF QUALITY"

*A joint venture with Nishikawa Rubber Company of Japan*
*(World leading company in EPDM weathstrips)*



## QUALITY SEALS FOR GLOBAL MARKET

**Manufactuers of specialised EPDM rubber, sponge and flock products for the automotive original equipment and building markets**

*UNDER THE BRAND NAME OF ALP, WE MANUFACTURE*

- **Flocked / PU Coated Glass Run Channels**
- **Celluar Profiles with Nylon Inserts**
- **PVC Trims**
- **Bus Body Building Profiles**
- **Windshield Rubber**
- **Co-extrubed Profiles / Trims**
- **PVC Sponge Seals**
- **Building Profiles**

**The profiles comply with the most advanced international standards. Some of our esteemed customers are GM, Toyota, Lancer Mitsubishi, Honda Daewoo, Suzuki, Telco.**

ALP

## ANAND NISHIKAWA COMPANY LIMITED

**An ISO 9002 Company**
C- 10, Sector : 1, NOIDA (U.P.)
**Phone :** 0118 - 556528
**email :** anco.lalru@rmc.sprint.rpg.ems.vsnl.net.in
**Visit us at :** htto://wwwaindiannauto.com/alp